


ਰੋਜ਼ਾਨਾ

ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com

24 ਫਰਵਰੀ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)




R.N.I. /Punpun/29016/2008/ ● ਸਾਲ : 15 ● ਅੰਕ : 56 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111

## ਇੰਟਰਨੈਸ਼ਨਲ ਏਅਰਪੋਰਟ ਤੋਂ ਕਰੋੜਾਂ ਦੀ ਕਰੰਸੀ ਕਾਬੂ



**ਦਿੱਲੀ/ਕਪੂਰ**
ਕਸਟਮ ਅਧਿਕਾਰੀਆਂ ਨੇ ਮੁੰਬਈ ਹਵਾਈ ਅੱਡੇ 'ਤੇ ਭਾਰਤੀ ਮੂਲ ਦੇ ਇਕ ਅਮਰੀਕੀ ਨਾਗਰਿਕ ਤੋਂ ਕਰੋੜਾਂ ਰੁਪਏ ਦੀ ਵਿਦੇਸ਼ੀ ਮੁਦਰਾ ਜ਼ਬਤ ਕੀਤੀ ਹੈ। ਇਕ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਸੀ.ਆਈ.ਐੱਸ.ਐੱਫ. ਦੇ ਸਹਿਯੋਗ ਨਾਲ ਸੋਮਵਾਰ ਨੂੰ 8.3 ਕਰੋੜ ਰੁਪਏ ਦੇ ਨੋਟ ਜ਼ਬਤ ਕੀਤੇ ਗਏ।

## ਕੋਲੇ ਦੀ ਖਾਨ ਧਸਣ ਨਾਲ 2 ਦੀ ਮੌਤ, 50 ਲਾਪਤਾ

**ਬੀਜਿੰਗ/ਲੋਕ ਬਾਣੀ**
:ਚੀਨ ਦੇ ਅੰਦਰੂਨੀ ਮੰਗੋਲੀਆ ਆਟੋਨੋਮਸ ਖੇਤਰ 'ਚ ਬੁੱਧਵਾਰ ਨੂੰ ਇਕ ਖਾਨ ਦੇ ਧਸਣ ਨਾਲ 2 ਲੋਕਾਂ ਦੀ ਮੌਤ ਹੋ ਗਈ ਅਤੇ 53 ਲਾਪਤਾ ਹਨ। ਸਥਾਨਕ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਲੈਕਸਾ ਲੀਗ 'ਚ ਖਾਨ ਦੇ ਧਸਣ ਕਾਰਨ ਲੋਕ ਮਲਬੇ ਹੇਠਾਂ ਦੱਬ ਗਏ। ਬਚਾਅ ਕਰਮਚਾਰੀ ਮਲਬੇ 'ਚ ਫਸੇ ਲੋਕਾਂ ਨੂੰ ਕੱਢਣ 'ਚ ਲੱਗੇ ਹੋਏ ਹਨ। ਅਲੈਕਸਾ ਲੀਗ ਨੇ ਐਮਰਜੈਂਸੀ ਪ੍ਰਬੰਧਨ ਅਥਾਰਟੀ ਦੇ ਹਵਾਲੇ ਨਾਲ ਕਿਹਾ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ 50 ਤੋਂ ਵੱਧ ਲੋਕ ਖਾਨ ਦੇ ਹੇਠਾਂ ਫਸੇ ਹੋਏ ਹਨ। ਪ੍ਰਚਾਰ ਬਿਊਰੋ ਮੁਤਾਬਕ 8 ਲੋਕਾਂ ਨੂੰ ਬਾਹਰ ਕੱਢਿਆ ਗਿਆ, ਜਿਨਾਂ 'ਚੋਂ 2 ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। 6 ਲੋਕ ਹਸਪਤਾਲ ਵਿੱਚ ਦਾਖ਼ਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ 334 ਬਚਾਅ ਕਰਮਚਾਰੀਆਂ ਦੇ ਨਾਲ 8 ਟੀਮਾਂ ਬਚਾਅ ਕਾਰਜ ਵਿੱਚ ਲੱਗੀਆਂ ਹੋਈਆਂ ਹਨ।



ਲਾਪਤਾ ਲੋਕਾਂ ਦੀ ਭਾਲ ਲਈ ਆਸ-ਪਾਸ ਦੇ ਇਲਾਕਿਆਂ ਤੋਂ ਬਚਾਅ ਕਰਮੀਆਂ ਨੂੰ ਭੇਜਿਆ ਗਿਆ ਹੈ। ਅੰਦਰੂਨੀ ਮੰਗੋਲੀਆ ਚੀਨ ਵਿੱਚ ਕੋਲੇ ਅਤੇ ਹੋਰ ਖਣਿਜਾਂ ਦੀ ਖੋਦਾਈ ਲਈ ਇਕ ਪ੍ਰਮੁੱਖ ਖੇਤਰ ਹੈ। ਸਥਾਨਕ ਏਜੰਸੀਆਂ ਤੋਂ ਇਲਾਵਾ ਲੋਕਾਂ ਨੂੰ ਕੱਢਣ ਲਈ ਫੌਜ ਦੀ ਮਦਦ ਲੈਣ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ। ਐਮਰਜੈਂਸੀ ਨਾਲ ਨਜਿੱਠਣ ਲਈ ਨੇੜਲੇ ਹਸਪਤਾਲਾਂ ਨੂੰ ਅਲਰਟ 'ਤੇ ਰੱਖਿਆ ਗਿਆ ਹੈ।

## ਹਰਿਆਣਾ ਸਰਕਾਰ ਨੇ ਕੀਤਾ ਆਪਣਾ ਬਜਟ ਪੇਸ਼

**ਹਰਿਆਣਾ/ਲੋਕ ਬਾਣੀ**
ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਵਿਧਾਨ ਸਭਾ 'ਚ ਵਿੱਤ ਸਾਲ 2023-24 ਲਈ ਸੂਬੇ ਦਾ ਬਜਟ ਪੇਸ਼ ਕਰਦੇ ਹੋਏ ਵੀਰਵਾਰ ਨੂੰ ਕਿਹਾ ਕਿ ਸੂਬੇ ਦੇ ਲੋਕਾਂ 'ਤੇ ਕੋਈ ਨਵਾਂ ਟੈਕਸ ਨਹੀਂ ਲਗਾਇਆ ਜਾਵੇਗਾ। ਖੱਟੜ ਕੋਲ ਰਾਜ ਦੇ ਵਿੱਤ ਮੰਤਰਾਲਾ ਦਾ ਵੀ ਚਾਰਜ ਹੈ। ਉਨਾਂ ਨੇ ਆਉਣ ਵਾਲੇ ਵਿੱਤ ਸਾਲ ਲਈ 1,83,950 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਹੈ ਜੋ ਸੋਧ ਅਨੁਮਾਨ 1,64808 ਕਰੋੜ ਰੁਪਏ ਤੋਂ 11.6 ਫੀਸਦੀ ਵੱਧ ਹੈ। ਭਾਜਪਾ ਅਤੇ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਸਰਕਾਰ ਦੇ ਦੂਜੇ ਕਾਰਜਕਾਲ ਦਾ ਇਹ ਚੌਥਾ ਬਜਟ ਪੇਸ਼ ਕਰਦੇ ਹੋਏ ਮੁੱਖ ਮੰਤਰੀ ਇੱਥੇ ਵਿਧਾਨ ਸਭਾ 'ਚ ਕਿਹਾ ਕਿ ਬਜਟ 'ਚ ਨਵਾਂ ਟੈਕਸ ਲਗਾਉਣ ਦਾ ਕੋਈ ਪ੍ਰਸਤਾਵ ਨਹੀਂ ਹੈ। ਮੁੱਖ ਮੰਤਰੀ ਨੇ ਬਜਟ 'ਚ ਸਮਾਜਿਕ ਸੁਰੱਖਿਆ ਪੈਨਸ਼ਨ ਨੂੰ ਮੌਜੂਦਾ 2,500 ਰੁਪਏ ਪ੍ਰਤੀ ਮਹੀਨੇ ਤੋਂ ਵਧਾ ਕੇ 2,750 ਰੁਪਏ ਪ੍ਰਤੀ ਮਹੀਨਾ ਕਰਨ ਅਤੇ ਹਰਿਆਣਾ ਗਊ ਰੱਖਿਆ ਸੇਵਾ ਕਮਿਸ਼ਨ ਲਈ ਫੰਡ ਨੂੰ ਮੌਜੂਦਾ 40 ਕਰੋੜ ਰੁਪਏ ਤੋਂ ਵਧਾ ਕੇ 400 ਕਰੋੜ ਰੁਪਏ ਕਰਨ ਦਾ ਵੀ ਪ੍ਰਸਤਾਵ ਰੱਖਿਆ।



## 27 ਤੱਕ ਵਿਜੀਲੈਂਸ ਰਿਮਾਂਡ ਤੇ ਰਹੇਗਾ ਪੰਜਾਬ ਸਰਕਾਰ ਦਾ ਵਿਧਾਇਕ

**ਚੰਡੀਗੜ/ਵਿਨੋਦ ਸ਼ਰਮਾ**
ਕਥਿਤ ਰਿਸ਼ਵਤ ਮਾਮਲੇ 'ਚ ਵਿਜੀਲੈਂਸ ਵਲੋਂ ਅੱਜ ਸਵੇਰੇ ਕਰਨਾਲ ਤੋਂ ਗ੍ਰਿਫ਼ਤਾਰ ਕੀਤੇ ਗਏ ਬਠਿੰਡਾ ਦਿਹਾਤੀ ਹਲਕੇ ਦੇ 'ਆਪ' ਵਿਧਾਇਕ ਅਮਿਤ ਰਤਨ ਨੂੰ ਜੱਜ ਦਲਜੀਤ ਕੌਰ ਦੀ ਅਦਾਲਤ ਨੇ 27 ਫਰਵਰੀ ਤੱਕ ਵਿਜੀਲੈਂਸ ਰਿਮਾਂਡ 'ਤੇ ਭੇਜ ਦਿੱਤਾ ਹੈ, ਜਦਕਿ ਉਸ ਦੇ ਪੀ.ਏ. ਰਸ਼ਿਮ ਗਰਗ ਦੇ ਪਹਿਲਾਂ ਤੋਂ ਚੱਲ ਰਹੇ ਰਿਮਾਂਡ 'ਚ ਇਕ ਦਿਨ ਦਾ ਹੋਰ ਵਾਧਾ ਕੀਤਾ ਗਿਆ। ਵਿਧਾਇਕ ਨੇ ਕਿਹਾ ਕਿ ਮੈਨੂੰ ਸ਼ਾਜਿਸ਼ ਤਹਿਤ ਫ਼ਸਾਇਆ ਗਿਆ ਹੈ।



## ਹੁਣ ਈਡੀ ਹੋਈ ਕੇਜਰੀਵਾਲ ਦੇ ਪੀਏ ਦੁਆਲੇ


**ਦਿੱਲੀ/ਕਪੂਰ**
ਇਨਫੋਰਸਮੈਂਟ ਡਾਇਰੈਕਟੋਰੇਟ (ED) ਨੇ ਦਿੱਲੀ ਦੇ ਕਥਿਤ ਆਬਕਾਰੀ ਨੀਤੀ ਘੁਟਾਲੇ 'ਚ ਮਨੀ ਲਾਂਡਰਿੰਗ ਨਾਲ ਜੁੜੇ ਮਾਮਲੇ 'ਚ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਦੇ ਕਰੀਬੀ ਬਿਭਵ ਕੁਮਾਰ ਤੋਂ ਪੁੱਛਗਿੱਛ ਕੀਤੀ ਹੈ। ਇਹ ਪੁੱਛਗਿੱਛ ਵੀਰਵਾਰ ਨੂੰ ਹੋਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ। ਜਾਣਕਾਰੀ ਮੁਤਾਬਕ ਈਡੀ ਨੇ ਕੇਜਰੀਵਾਲ ਦੇ ਪੀ.ਏ. ਬਿਭਵ ਕੁਮਾਰ ਦਾ ਬਿਆਨ ਦਰਜ ਕਰ ਲਿਆ ਹੈ। ਦਿੱਲੀ ਦੇ ਡਿਪਟੀ ਸੀਐਮ ਮਨੀਸ਼ ਸਿਸੋਦੀਆ ਸਮੇਤ ਪੂਰੇ ਮਾਮਲੇ ਵਿੱਚ ਕੁੱਲ 36 ਮੁਲਜ਼ਮ ਹਨ। ਦੋਸ਼ ਹੈ ਕਿ ਇਸ ਮਾਮਲੇ 'ਚ ਹਜ਼ਾਰਾਂ ਕਰੋੜ ਰੁਪਏ ਦਾ ਲੈਣ-ਦੇਣ ਹੋਇਆ ਹੈ। ਫਿਲਹਾਲ ਈਡੀ ਨੇ ਇਸ ਮਾਮਲੇ 'ਚ ਦੋ ਮਾਮਲੇ ਦਰਜ ਕੀਤੇ ਹਨ ਅਤੇ ਹੁਣ ਤੱਕ ਕੁੱਲ 9 ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।



## ਪੰਜਾਬ ਤੇ ਹਿਮਾਚਲ ਦੇ ਡੀਜੀਪੀ ਨੇ ਕੀਤੀ ਤਾਲਮੇਲ ਮੀਟਿੰਗ

**ਜਲੰਧਰ/ਹਰਬੰਸ ਬਿੱਟੂ**
ਅੱਜ ਹਿਮਾਚਲ ਅਤੇ ਪੰਜਾਬ ਪੁਲਿਸ ਦੇ ਡੀ.ਜੀ.ਪੀ. ਵਿਰਕਾਰ ਦੋਵਾਂ ਪੁਲਿਸ ਬਲਾਂ ਦਰਮਿਆਨ ਬਿਹਤਰ ਤਾਲਮੇਲ ਲਈ ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਮੀਟਿੰਗ ਹੋਈ। ਮਿਲੀ ਜਾਣਕਾਰੀ ਅਨੁਸਾਰ ਇਸ ਮੀਟਿੰਗ ਵਿਚ ਉਨਾਂ ਵਲੋਂ ਦੋਵਾਂ ਸਰਹੱਦਾਂ 'ਤੇ ਸਾਂਝੇ ਆਪਰੇਸ਼ਨਾਂ 'ਤੇ ਮਿਲ ਕੇ ਕੰਮ ਕਰਨ ਲਈ ,ਐਂਟਰੀ/ਐਗਜ਼ਿਟ ਪੁਆਇੰਟਾਂ 'ਤੇ ਸੀ.ਸੀ.ਟੀ.ਵੀ ਕੈਮਰਿਆਂ ਨੂੰ ਵੀ ਮਜ਼ਬੂਤ ਕਰਨ ਅਤੇ ਖ਼ੇਤਰ ਨੂੰ ਸੁਰੱਖਿਅਤ ਰੱਖਣ ਲਈ ਨਸ਼ੀਲੇ ਪਦਾਰਥਾਂ ਦੀ ਸਪਲਾਈ ਚੇਨ ਅਤੇ ਨਾਜਾਇਜ਼ ਸ਼ਰਾਬ ਦਾ ਮੁਕਾਬਲਾ ਕਰਨ ਲਈ ਸਾਂਝੇ ਉਪਾਅ ਕਰਨ ਸੰਬੰਧੀ ਗੱਲਬਾਤ ਕੀਤੀ ਗਈ।





## ਅੰਮ੍ਰਿਤਪਾਲ ਅੱਗੇ ਬੌਨੀ ਸਾਬਤ ਹੋਈ ਪੁਲਿਸ, ਦਰਜ ਮਾਮਲਾ ਕੈਂਸਲ ਕੀਤਾ

**ਅੰਮ੍ਰਿਤਸਰ/ਲੋਕ ਬਾਣੀ**
ਸਿੱਖ ਜਥੇਬੰਦੀ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਅਜਨਾਲਾ ਪੁਲਿਸ ਨੂੰ ਦਿੱਤੀ ਧਮਕੀ ਤੋਂ ਬਾਅਦ ਵੀਰਵਾਰ ਨੂੰ ਅੰਮ੍ਰਿਤਪਾਲ ਦੇ ਹਜ਼ਾਰਾਂ ਸਮਰਥਕਾਂ ਨੇ ਅਜਨਾਲਾ ਥਾਣੇ 'ਤੇ ਤਲਵਾਰਾਂ ਤੇ ਬੰਦੂਕਾਂ ਨਾਲ ਹਮਲਾ ਕਰ ਦਿੱਤਾ। ਅੰਮ੍ਰਿਤਪਾਲ ਦੇ ਸਮਰਥਕਾਂ ਨੇ ਪੁਲੀਸ ਬੈਰੀਕੇਡ ਤੋੜ ਦਿੱਤੇ। ਇਸ ਦੌਰਾਨ ਅੰਮ੍ਰਿਤਪਾਲ ਦੇ ਸਮਰਥਕਾਂ ਨੇ ਕੁਝ ਪੁਲਿਸ ਮੁਲਾਜ਼ਮਾਂ ਦੀ ਬੁਰੀ ਤਰਾਂ ਕੁੱਟਮਾਰ ਵੀ ਕੀਤੀ। ਭੀੜ ਵਿੱਚ ਸ਼ਾਮਲ ਲੋਕਾਂ ਵੱਲੋਂ ਕੁਝ ਵਾਹਨਾਂ ਦੀ ਭੰਨ-ਤੋੜ ਵੀ ਕੀਤੀ ਗਈ। ਜਿਵੇਂ ਹੀ ਭੀੜ ਨੇ ਪੁਲਿਸ ਨਾਕਿਆਂ 'ਤੇ ਹਮਲਾ ਕੀਤਾ ਤਾਂ ਉਥੇ ਤਾਇਨਾਤ ਪੁਲੀਸ ਮੁਲਾਜ਼ਮ ਪਿੱਛੇ ਹਟ ਗਏ। ਇਸ ਤੋਂ ਬਾਅਦ ਅੰਮ੍ਰਿਤਪਾਲ ਅਤੇ ਉਸ ਦੇ ਸਮਰਥਕ ਰੋਸ ਮਾਰਚ ਕਰਦੇ ਹੋਏ ਥਾਣੇ ਦੇ ਬਾਹਰ ਹੀ ਪਹੁੰਚ ਗਏ ਅਤੇ ਅੰਮ੍ਰਿਤਪਾਲ ਦੇ ਸਮਰਥਕਾਂ ਨੇ ਥਾਣੇ ਦੇ ਬਾਹਰ ਧਰਨਾ ਦੇਣਾ ਸ਼ੁਰੂ ਕਰ ਦਿੱਤਾ।

## ਬੌਨੀ ਹੋਈ ਪੰਜਾਬ ਪੁਲਿਸ ਦਾ ਆਇਆ ਬਿਆਨ, ਲਵਪ੍ਰੀਤ ਤੂਫਾਨ ਹੋਵੇਗਾ ਰਿਹਾਅ

**ਅੰਮ੍ਰਿਤਸਰ/ਵਿਰਦੀ**
ਅੰਮ੍ਰਿਤਸਰ ਦੇ ਐਸ.ਐਸ. ਪੀ. ਨੇ ਕਿਹਾ ਕਿ ਸਾਡੇ ਸਾਹਮਣੇ ਪੇਸ਼ ਸਬੂਤਾਂ ਅਨੁਸਾਰ ਲਵਪ੍ਰੀਤ ਤੂਫ਼ਾਨ ਨੂੰ ਰਿਹਾਅ ਕਰ ਦਿੱਤਾ ਜਾਵੇਗਾ ਅਤੇ ਮਾਮਲੇ ਦੀ ਜਾਂਚ ਲਈ ਐਸ.ਆਈ.ਟੀ ਬਣਾਈ ਗਈ ਹੈ।




ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 99155-94111

WEBSITE : WWW.LOKBANI.COM
lokbani08@gmail.com

# ਡਿਪਸ ਕਾਲਜ ਵਿੱਚ ਵਿਦਿਆਰਥੀਆਂ ਨੂੰ ਸੰਚਾਰ ਅਤੇ ਇੰਟਰਵਿਊ ਦੇ ਹੁਨਰ ਬਾਰੇ ਜਾਣਕਾਰੀ ਦਿੱਤੀ ਗਈ





**ਜਲੰਧਰ/ਰਾਕੇਸ਼ ਵਰਮਾ**

ਡਿਪਸ ਆਈਐਮਟੀ ਵਿਖੇ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਇੰਟਰਵਿਊਆਂ ਲਈ ਤਿਆਰ ਕਰਨ ਲਈ ਸੰਚਾਰ ਅਤੇ ਇੰਟਰਵਿਊ ਦੇ ਹੁਨਰ 'ਤੇ ਗੈਸਟ ਲੈਕਚਰ ਦਾ ਆਯੋਜਨ ਕੀਤਾ ਗਿਆ । ਇਸ ਵਿੱਚ ਮੁੱਖ ਤੌਰ 'ਤੇ ਡਾ: ਨਕੁਲ ਕੁੰਦਰਾ, ਸਹਾਇਕ ਪ੍ਰੋਫੈਸਰ, ਕੇਂਦਰੀ ਯੂਨੀਵਰਸਿਟੀ ਇਲਾਹਾਬਾਦ ਸ਼ਾਮਿਲ ਹੋਏ। ਪਿ ੍ਰੰਸੀਪਲ ਡਾ: ਰਵੀ ਸਿੱਧੂ ਨੇ ਉਨ੍ਹਾਂ ਦਾ ਫੁੱਲਾਂ ਨਾਲ ਸਵਾਗਤ ਕੀਤਾ ਡਾ: ਨਕੁਲ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਸੰਚਾਰ ਹੁਨਰ, ਸ਼ਖ਼ਸੀਅਤ ਵਿਕਾਸ ਅਤੇ ਜੀਵਨ ਵਿੱਚ ਸਕਾਰਾਤਮਕ ਵਿਵਹਾਰ ਅਪਣਾਉਣ ਦੇ ਨੁਕਤਿਆਂ ਅਤੇ ਲਾਭਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਸੰਚਾਰ ਹੁਨਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਨੂੰ ਆਪਣੀ ਸਰੀਰਕ ਭਾਸ਼ਾ ਨੂੰ ਸਹੀ ਰੱਖਣਾ ਚਾਹੀਦਾ ਹੈ, ਦੂਜਿਆਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਅਤੇ ਫਿਰ ਆਪਣੇ ਵਿਚਾਰ ਪ੍ਰਗਟ ਕਰਨੇ ਚਾਹੀਦੇ ਹਨ। ਬੋਲਣ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ ਅਤੇ ਸ਼ਬਦਾਂ ਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ ਪੁਆਇੰਟ ਟੂ ਪਆਇੰਟ ਗੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਹਮੇਸ਼ਾ ਅੱਖਾਂ ਦਾ ਸੰਪਰਕ ਰੱਖਣਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਇੰਟਰਵਿਊ ਦੇ ਹੁਨਰ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹੁਣ ਹਰ ਵਿਦਿਆਰਥੀ ਨੌਕਰੀ ਹਾਸਲ ਕਰਨ ਲਈ ਵੱਖ-ਵੱਖ ਕੰਪਨੀਆਂ ਵਿੱਚ ਇੰਟਰਵਿਊ ਦੇਵੇਗਾ। ਇਸ ਲਈ ਇੰਟਰਵਿਊ ਦਿੰਦੇ ਸਮੇਂ ਸਾਨੂੰ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਜਿਵੇਂ ਕਿ ਕੰਪਨੀ ਦੀ ਜਾਣਕਾਰੀ, ਤੁਸੀਂ ਕਿਸ ਅਹੁਦੇ ਲਈ ਅਪਲਾਈ ਕੀਤਾ ਹੈ। ਤੁਹਾਨੂੰ ਆਪਣੇ ਸਕਾਰਾਤਮਕ ਅਤੇ ਨਕਾਰਾਤਮਕ ਬਿੰਦੂਆਂ, ਹੁਨਰਾਂ ਬਾਰੇ ਪਤਾ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇੰਟਰਵਿਊ ਦੌਰਾਨ ਤੁਹਾਡੀ ਡਰੈਸਿੰਗ ਸਟਾਈਲ ਵੀ ਬਹੁਤ ਮਹੱਤਵਪੂਰਨ ਹੁੰਦੀ ਹੈ, ਇਸ ਲਈ ਕੋਸ਼ਿਸ਼ ਕਰੋ ਕਿ ਤੁਸੀਂ ਹਮੇਸ਼ਾ ਫਾਰਮਲ ਡਰੈੱਸ ਪਹਿਨੋ। ਪਿ ੍ਰੰਸੀਪਲ ਡਾ: ਰਵੀ ਸਿੱਧੂ ਨੇ ਮੁੱਖ ਬੁਲਾਰੇ ਡਾ: ਨਕੁਲ ਦਾ ਵਿਦਿਆਰਥੀਆਂ ਨੂੰ ਜੀਵਨ ਦੇ ਬਹੁਤ ਹੀ ਮਹੱਤਵਪੂਰਨ ਨੁਕਤੇ ਦੇਣ ਲਈ ਧੰਨਵਾਦ ਕੀਤਾ, ਅਸੀਂ ਆਸ ਕਰਦੇ ਹਾਂ ਕਿ ਵਿਦਿਆਰਥੀ ਇਸ ਗੱਲ ਦਾ ਹਮੇਸ਼ਾ ਧਿਆਨ ਰੱਖਣਗੇ। ਡਿਪਸ ਚੇਨ ਦੇ ਐਮਡੀ ਸਰਦਾਰ ਤਰਵਿੰਦਰ ਸਿੰਘ ਨੇ ਕਿਹਾ ਕਿ ਡਿਪਸ ਮੈਨੇਜਮੈਂਟ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਜਿਹਾ ਮਾਹੌਲ ਅਤੇ ਸਿੱਖਿਆ ਪ੍ਰਦਾਨ ਕਰਨਾ ਹੈ, ਜਿਸ ਵਿੱਚ ਉਹ ਆਪਣੇ ਹੁਨਰ ਨੂੰ ਹੋਰ ਨਿਖਾਰ ਸਕਣ।

# ਉੱਪ ਮੰਡਲ ਮੈਜਿਸਟਰੇਟ ਪੱਟੀ ਵੱਲੋਂ ਸਕੂਲ ਆਫ ਐਮੀਨੈਂਸ ਸਬੰਧੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਟੀ ਦਾ ਵਿਸ਼ੇਸ਼ ਦੌਰਾ

**ਤਰਨਤਾਰਨ/ਕਪਿਲ ਗਿੱਲ**

ਸਿੱਖਿਆ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾ ਚੁੱਕੀ ਸੰਸਥਾ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੱਟੀ ਜੋ ਕਿ ਆਪਣੇ ਵਿਦਿਆਰਥੀਆਂ ਦੇ ਬਿਹਤਰੀਨ ਨਤੀਜਿਆਂ, ਮਿਹਨਤੀ ਅਧਿਆਪਕ ਸਹਿਬਾਨ ਅਤੇ ਸ਼ਾਨਦਾਰ ਇਮਾਰਤ ਕਰਕੇ ਜਾਣੀ ਜਾਂਦੀ ਹੈ । ਇਸ ਸੰਸਥਾ ਨੂੰ ਉਸ ਵੇਲੇ ਹੋਰ ਵੀ ਬਲ ਮਿਲਿਆ ਜਦੋਂ ਉੱਪ ਮੰਡਲ ਮੈਜਿਸਟਰੇਟ ਪੱਟੀ ਸ੍ਰੀ ਅਮਨਪ੍ਰੀਤ ਸਿੰਘ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਟੀ ਦਾ ਵਿਸ਼ੇਸ਼ ਦੌਰਾ ਕੀਤਾ ਗਿਆ । ਪੰਜਾਬ ਸਰਕਾਰ ਵੱਲੋਂ ਇਸ ਸਕੂਲ ਨੂੰ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ 'ਤੇ ਵਿਕਸਤ ਕੀਤਾ ਜਾ ਰਿਹਾ ਹੈ । ਇਸ ਮੌਕੇ ਉੱਪ ਮੰਡਲ ਮੈਜਿਸਟਰੇਟ ਵੱਲੋਂ ਸਕੂਲ ਦੇ ਕਮਰਿਆਂ, ਲੈਬਾਂ ਅਤੇ ਮਿਡ ਦੇ ਮੀਲ ਦੀ ਜਾਂਚ ਵੀ ਕੀਤੀ ਗਈ ਅਤੇ ਕਿਹਾ ਕਿ ਇਹ ਸਕੂਲ ਲਗਭਗ 100 ਸਾਲ ਪੁਰਾਣਾ ਹੈ ਅਤੇ



ਇਸ ਕਰਕੇ ਇਸਨੂੰ ਵੱਡੇ ਪੱਧਰ 'ਤੇ ਮੁਰੰਮਤ ਦੀ ਜ਼ਰੂਰਤ ਹੈ।

ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਗੁਰਬਚਨ ਸਿੰਘ ਨੇ ਕਿਹਾ ਕਿ ਸਕੂਲ ਨੂੰ ਪੜਾਈ, ਖੇਡਾਂ ਅਤੇ ਹੋਰ ਕਿੱਤਾਮੁਖੀ ਕੋਰਸਾਂ ਲਈ ਲੋੜੀਂਦੀਆਂ ਸਹੂਲਤਾਂ ਅਤੇ ਸਾਜੋ ਸਮਾਨ ਵਿੱਚ ਵਾਧਾ ਕੀਤਾ ਜਾਵੇਗਾ । ਵਧੀਆ ਕਲਾਸਰੂਮ, ਉੱਤਮ ਲਾਇਬ੍ਰੇਰੀ, ਆਧੁਨਿਕ ਲੈਬਾਂ, ਕੰਪਿਊਟਰ ਸਿੱਖਿਆ ਅਤੇ ਖੇਡਾਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਜਾਵੇਗਾ ।

ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਟੀ ਦੇ ਇੰਚਾਰਜ ਮੈਡਮ ਸਤਵਿੰਦਰ ਕੌਰ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਸਰਕਾਰੀ ਸਕੂਲਾਂ ਤੋਂ ਇਲਾਵਾ ਹੋਰਨਾਂ ਵਿਦਿਆਰਥੀਆਂ ਨੂੰ ਵੀ ਟੈਸਟ ਦੇ ਅਧਾਰ 'ਤੇ ਸਕੂਲ ਵਿੱਚ ਦਾਖਲਾ ਦਿੱਤਾ ਜਾਵੇਗਾ । ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨਾ ਅਤੇ ਉਹਨਾਂ ਨੂੰ ਹਰ ਪੱਖੋਂ ਸਮੇਂ ਦਾ ਹਾਣੀ ਬਣਾਉਣਾ ਇਸ ਸਕੂਲ ਦਾ ਉਦੇਸ਼ ਹੋਵੇਗਾ । ਸਕੂਲ ਵਿਚ ਨਵੀਆਂ ਅਧਿਆਪਨ ਵਿਧੀਆਂ ਨੂੰ ਲਾਗੂ ਕੀਤਾ ਜਾਵੇਗਾ । ਉਹਨਾਂ ਦੇ ਸਰੀਰਕ, ਬੌਧਿਕ ਸਮਾਜਿਕ ਅਤੇ ਭਾਵਨਾਤਮਿਕ ਵਿਕਾਸ ਲਈ ਸਾਰੀਆਂ ਸਹੂਲਤਾਂ ਉਪਲੱਬਧ ਕਰਵਾਈਆਂ ਜਾਣਗੀਆਂ ਅਤੇ ਸਕੂਲ ਦੀ ਇਮਾਰਤ ਦਾ ਹਰੇਕ ਪੱਖ ਤੋਂ ਵਿਸ਼ਵਪੱਧਰੀ ਵਿਕਾਸ ਕੀਤਾ ਜਾਵੇਗਾ।

ਉਹਨਾਂ ਨਾਲ ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਗੁਰਬਚਨ ਸਿੰਘ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ ।

# ਬਾਲ ਲੇਖ : ਮੇਰਾ ਸਕੂਲ




ਮੈਂ ਤੀਸਰੀ ਜਮਾਤ ਵਿੱਚ ਪੜ੍ਹਦੀ ਹਾਂ । ਮੇਰੇ ਸਕੂਲ ਦਾ ਨਾਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਹੈ । ਇੱਥੇ ਬਹੁਤ ਸਾਰੇ ਦਰੱਖ਼ਤ ਲੱਗੇ ਹੋਏ ਹਨ। ਸਾਡੇ ਅਧਿਆਪਕ ਦਾ ਨਾਂ ਮਾਸਟਰ ਸੰਜੀਵ ਧਰਮਾਣੀ ਹੈ। ਉਹ ਕਹਿੰਦੇ ਹਨ ਕਿ ਪੰਛੀਆਂ ਦੀ ਸੇਵਾ ਕਰੋ। ਸਾਨੂੰ ਜਨਮ - ਦਿਨ ਨੂੰ ਪੌਦੇ ਲਗਾਉਣੇ ਚਾਹੀਦੇ ਹਨ। ਮੈਂ ਰੁੱਖਾਂ ਨੂੰ ਪਾਣੀ ਪਾਉਂਦੀ ਹਾਂ । ਸ਼ਨੀਵਾਰ ਨੂੰ ਅਸੀਂ ਬਾਲ - ਸਭਾ ਕਰਦੇ ਹਾਂ । ਮੈਨੂੰ ਆਪਣਾ ਸਕੂਲ ਬਹੁਤ ਸੋਹਣਾ ਲੱਗਦਾ ਹੈ।



-ਤਨਮੀਤ ਕੌਰ ,
ਜਮਾਤ ਤੀਸਰੀ ,
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ ਢੇਰ , ਸਿੱਖਿਆ ਬਲਾਕ ਸ਼੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ ਰੂਪਨਗਰ ( ਪੰਜਾਬ )
ਜਮਾਤ ਇੰਨਚਾਰਜ ਤੇ ਗਾਈਡ ਅਧਿਆਪਕ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ( ਕਲੱਸਟਰ ਮੀਡਿਆ ਇੰਨਚਾਰਜ ਤੇ ਆਈ.ਬੀ.ਆਰ. ਹੋਲਡਰ)

# ਮਾਂ ਬੋਲੀ ਨੂੰ ਸਮਰਪਿਤ


ਮਾਂ ਤਾਂ ਮਾਂ ਹੁੰਦੀ ਏ ਲੋਕੋ, ਮਾਂ ਤਾਂ ਮਾਂ ਹੁੰਦੀ ਏ,
ਹਰ ਰਿਸ਼ਤੇ ਦੀ ਜਣਨੀ ਵੀ , ਆਖਿਰ ਇੱਕ ਮਾਂ ਹੀ ਹੁੰਦੀ ਏ,
ਮਾਮਾ ਮਾਂ ਹੀ ਕਰਕੇ ਕੋਈ ਹੋਇਆ, ਮਾਸੀ ਵੀ ਮਾਂ ਕਰ ਕੇ ਹੁੰਦੀ ਏ,
ਮਾਂ ਤਾਂ ਮਾਂ ਹੁੰਦੀ ਏ ਲੋਕੋ, ਮਾਂ ਤਾਂ ਮਾਂ ਹੁੰਦੀ ਏ,
ਸਸਾ ਵੀ (ਸ ) ਹੀ ਹੁੰਦਾ ਏ , ਤੇ ਮਮਾ ਵੀ (ਮ) ਹੁੰਦਾ ਏ,
ਮਾਸੀ ਵੀ ਮਾਂ ਵਰਗੀ ਹੁੰਦੀ, ਪਰ ਮਾਂ ਤਾਂ ਮਾਂ ਹੁੰਦੀ ਏ,
ਬੇਬੇ ,ਅੰਮੀ,ਮਾਂ ਜੀ,ਮਮੀ ,, ਵਰਗੇ ਕਿੰਨੇ ਹਨ ਸਿਰਨਾਵੇਂ ਇਸਦੇ,
ਪਰ ਆਪੋ ਅਪਣੀ ਬੋਲ਼ੀ ਵਿਚ ਵੱਖਰੀ ਜਹੀ ਅੱਨਾ (ego) ਹੁੰਦੀ ਏ,
ਮਾਂ ਤਾਂ ਮਾਂ ਹੁੰਦੀ ਏ ਲੋਕੋ,ਮਾਂ ਤਾਂ ਮਾਂ ਹੁੰਦੀ ਏ,
ਕਿਸ ਕੁੱਖੋਂ ਜਨਮ ਲੈਣਾ ਸੀ ਨਾ ਮੇਰੇ ਵਸ ਵਿਚ,
ਉਸਦਾ ਦੁੱਧ ਬਣ ਲਹੂ ਵਗਦਾ ਏ ਹੁਣ ਮੇਰੇ ਅੰਦਰ,
ਉਸਦੇ ਤਾਂ ਹਰ ਸਾਹ ਵਿਚ ਮੇਰੇ ਤੇ ਮੇਰੇ ਸੱਜਣਾ ਲਈ ਵੀ ਦੁਆ ਹੁੰਦੀ ਏ,
ਮਾਂ ਤਾਂ ਮਾਂ ਹੁੰਦੀ ਏ ਲੋਕੋ, ਮਾਂ ਤਾਂ ਮਾਂ ਹੁੰਦੀ ਏ,
ਗੁਰਮੁੱਖੀ ਏ ਨਾਨਕਾ ਮੇਰਾ,ਦੇਵਨਾਗਰੀ ਮਾਸੀ ਦਾ ਘਰ ਏ,
ਲਸ਼ਕਰੀ ਏ ਦਾਦਕਾ ਮੇਰਾ, ਵਾਂਗ ਯਾਰਾਂ ਦੇ ਉਰਦੂ ਮੇਰੇ ਗੀਤਾਂ ਵਿਚ ਆਮ ਹੁੰਦੀ ਏ,
ਪਰ ਮਾਂ ਤਾਂ ਮਾਂ ਹੁੰਦੀ ਏ ਲੋਕੋ, ਮਾਂ ਤਾਂ ਮਾਂ ਹੁੰਦੀ ਏ,
ਮੇਰੀ ਮਾਂ ਪੰਜਾਬੀ ਬੋਲੀ ਦਾ ਰਿਸ਼ਤਾ ਸਬ ਨਾਲ ਗੂੜ੍ਹਾ ਪੱਕਾ ਕਿੰਨਾ,
ਹਿੰਦੀ ਹੋਵੇ ਜਾਂ ਸਿੰਧੀ ਹੋਵੇ,ਹੋਵੇ ਮਦਰਾਸੀ ਜਾਂ ਗੁਜਰਾਤੀ ,
ਹੁਣ ਤਾਂ ਮੇਮ ਇੰਗਲਿਸ਼ ਦੀ ਵੀ ਹਰ ਮਹਿਫ਼ਿਲ ਵਿਚ ਢੋਲ ਦੇ ਡੱਗੇ ਦੀ ਆਵਾਜ ਹੁੰਦੀ ਏ,
ਆਖਿਰ ਮਾਂ ਤਾਂ ਮਾਂ ਹੁੰਦੀ ਏ ਲੋਕੋ ,ਮਾਂ ਤਾਂ ਮਾਂ ਹੁੰਦੀ ਏ,
ਸਿਆਸਤਦਾਨੋ ਨਾਂ ਵੰਡੋ ਸਾਨੂ ਵਿਚ ਜਾਤਾਂ ਪਾਤਾਂ,
ਨਾਂ ਵੰਡੋ ਕਰ ਬੋਲ਼ੀ ਦਿਆਂ ਬਾਤਾਂ,
ਮਾਂ ਤਾਂ ਮਾਂ ਹੁੰਦੀ ਏ ਲੋਕੋ,
ਕਿਸੇ ਵੀ ਮਾਂ ਬੋਲ਼ੀ ਦਾ ਨਾ ਤ੍ਰਿਸਕਾਰ ਕਰੋ,
ਥੋਡੀ ਮਾਂ ਬੋਲੀ ਵੀ ਮੇਰੀ ਮਾਂ ਵਰਗੀ ਏ,
ਮੇਰੀ ਮਾਂ ਦਾ ਵੀ ਤੁਸੀ ਸਤਿਕਾਰ ਕਰੋ,:

-ਸ਼ੰਮੀ ਕੁਮਾਰ ਰਿਪੋਰਟਰ

# ਬੀਬੀ ਰਜਨੀ ਜੀ ਦੀ ਯਾਦ ਵਿੱਚ ਹੋਵੇਗਾ 19 ਵਾਂ ਸਲਾਨਾ ਸਮਾਗਮ 26 ਫਰਵਰੀ ਨੂੰ

**ਤਰਨਤਾਰਨ/ਕਪਿਲ ਗਿੱਲ**

ਪੱਟੀ ਸਹਿਰ ਦੇ ਇਤਿਹਾਸਕ ਗੁਰਦੁਆਰਾ ਬੀਬੀ ਰਜਨੀ ਜੀ ਵਿੱਖੇ ਬੀਬੀ ਰਜਨੀ ਜੀ ਦੀ ਯਾਦ ਵਿੱਚ 19 ਵਾਂ ਸਲਾਨਾ ਸਮਾਗਮ ਮਨਾਉਣ ਸਬੰਧੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤ ਨਾਲ ਇੱਕਤਰਤਾ ਕੀਤੀ ਗਈ । ਇਸ ਸਬੰਧੀ ਜਾਣਕਾਰੀ ਦਿੰਦਿਆ ਪ੍ਰਧਾਨ ਬਲਬੀਰ ਸਿੰਘ ਲੁਹਾਰੀਆ ਨੇ ਦੱਸਿਆ ਕਿ ਸਲਾਨਾ ਸਮਾਗਮ 24 ਤੋ 26 ਤੱਕ ਕਰਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਸਭ ਤੋ ਪਹਿਲਾ 12 ਤਾਰੀਖ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਧੁਆਈ ਦੀ ਸੇਵਾ ਕੀਤੀ ਗਈ। ਉਪਰੰਤ 24 ਤਾਰੀਖ ਨੂੰ 38 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ



ਤੇ 26 ਫਰਵਰੀ ਨੂੰ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਸਜਾਏ ਜਾਣਗੇ ਤੇ ਗੁਰੂ ਕੇ ਲੰਗਰ ਅਟੁਟ ਵਰਤਾਏ ਜਾਣ ਗਏ । ਇਸ ਮੌਕੈ ਖੁਸਵਿੰਦਰ ਸਿੰਘ ਭਾਟੀਆ ਮੈਂਬਰ ਸੋਮਣੀ ਕਮੇਟੀ, ਪ੍ਰਧਾਨ ਬਲਬੀਰ ਸਿੰਘ ਲੁਹਾਰੀਆ, ਸਰਦੂਲ ਸਿੰਘ, ਰਾਜਿੰਦਰ ਸਿੰਘ ਕੇ ਪੀ, ਬਲਵਿੰਦਰ ਸਿੰਘ ਮੈਨਜਰ, ਇਕਬਾਲ ਸਿੰਘ ਜੋਲੀ, ਪ੍ਰੇਮ ਪ੍ਰਕਾਸ਼ ਸਿੰਘ ਜੋਲੀ, ਸਕੱਤਰ ਸਿੰਘ ਬਿਲੂ, ਬਲਵੰਤ ਸਿੰਘ, ਕੁਲਦੀਪ ਸਿੰਘ, ਫੌਜੀ ਸਾਹਿਬ ,ਪੱਪੂ ਵੀਰ,ਬਾਪੂ ਲਹੁਕਾ, ਬਾਬਾ ਪ੍ਰਗਟ ਸਿੰਘ, ਬਾਬਾ ਕੁਲਵਿੰਦਰ ਸਿੰਘ, ਅਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਬੀਬੀ ਰਜਨੀ ਜੀ ਭੈਣ ਜੀ ਕੰਵਲਜੀਤ ਕੌਰ ਅਤੇ ਸਮੂੰਹ ਬੀਬੀਆਂ ਹਾਜਰ ਸਨ।

# ਪੁਲਿਸ ਦੀ ਮਿਲੀ ਭੁਗਤ ਨਾਲ ਚਲ ਰਿਹਾ ਦੜੇ ਸੱਟੇ ਦਾ ਕੰਮ

**ਲੁਧਿਆਣਾ/ਸ਼ੰਮੀ ਕੁਮਾਰ**

ਥਾਣਾ ਡਵੀਜਨ ਨੰ 6 ਦੇ ਅਧੀਨ ਚੌਕੀ ਸ਼ੇਰਪੁਰ ਦੇ ਅਧੀਨ ਆਉਂਦੇ ਖੇਤਰ ਸੁਆ ਰੋਡ ਹਰਗੋਬਿੰਦ ਨਗਰ ਚ ਫਾਸਟ ਫ਼ੂਡ ਦੀ ਆੜ ਵਿੱਚ ਦੜੇ ਸੱਟੇ ਦਾ ਕੰਮ ਜੋਰਾ ਤੇ ਚਲ ਰਿਹਾ ਹੈ ਪੁਲਿਸ ਦੀ ਮਿਲੀ ਭੁਗਤ ਨਾਲ ਹੀ ਚੱਲ ਰਿਹਾ ਹੈ ਦੜੇ ਸਟੇ ਕੰਮ ਇੱਥੇ ਇਹ ਵੀ ਕਿਹਾ ਜਾ ਸਕਦਾ ਕਿ ਪ੍ਰਸ਼ਾਸਨ ਤੇ ਪੁਲੀਸ ਦੇ ਅਧਿਕਾਰੀ ਇਸ ਤੋਂ ਬੇਖਬਰ ਹੋਣ ਨਜਾਇਜ਼ ਦੜੇ ਸੱਟੇ ਅਤੇ ਲਾਟਰੀ ਦੀਆਂ ਦੁਕਾਨਾਂ ਸ਼ਰੇਆਮ ਚੱਲ ਰਹੀਆਂ ਹਨ ਪੁਲੀਸ ਦੀ ਮਿਲੀ ਭੁਗਤ ਨਾਲ ਕਈ ਵਾਰ



ਲਾਟਰੀ ਦੇ ਦੜੇ ਸੱਟੇ ਕਰਨ ਲਈ ਅਤੇ ਲਾਟਰੀ ਦੇ ਕਾਊਂਟਰ ਨਹੀਂ ਬੰਦ ਹੁੰਦੇ ਹੁਣ ਦੇਖਣਾ ਇਹ ਹੈ ਕਿ ਪੁਲਿਸ ਪ੍ਰਸ਼ਾਸ਼ਨ ਵੱਲੋਂ ਇਹਨਾਂ ਖਿਲਾਫ ਕੀ ਕਾਰਵਾਈ ਕੀਤੀ ਜਾਂਦੀ ਹੈ ਜਾਂ ਫਿਰ ਇਸ ਮਾਮਲੇ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਜਾਵੇਗਾ

# ਅਮਰ ਸਹੀਦ ਬਾਬਾ ਜੀਵਨ ਸਿੰਘ ਧਰਮ ਪ੍ਰਚਾਰ ਕਮੇਟੀ ਆਲ ਇੰਡੀਆ ਦੇ ਚੈਅਰਮੈਨ ਭਾਈ ਇੰਦਰਜੀਤ ਸਿੰਘ ਢੋਲਣ ਤੇ ਜਾਨਲੇਵਾ ਹਮਲਾ ਕਰਨ ਕਰਨ ਵਾਲਿਆ ਨੂੰ ਵਲਟੋਹਾ ਪੁਲਿਸ ਤੁਰੰਤ ਸਲਾਖਾ ਪਿਛੇ ਸੁੱਟੇ : ਭਾਈ ਕਸਮੀਰ ਸਿੰਘ

**ਤਰਨਤਾਰਨ/ਕਪਿਲ ਗਿੱਲ**



ਬੀਤੇ ਦਿੰਨੀਂ ਅਮਰ ਸਹੀਦ ਬਾਬਾ ਜੀਵਨ ਸਿੰਘ ਜੀ ਧਰਮ ਪ੍ਰਚਾਰ ਕਮੇਟੀ ਆਲ ਇੰਡੀਆ ਦੇ ਚੈਅਰਮੈਨ ਭਾਈ ਇੰਦਰਜੀਤ ਸਿੰਘ ਢੋਲਣ ਤੇ ਜਾਨਲੇਵਾ ਕਰਨ ਅਤੇ ਸੱਜਾ ਗੁੱਟ ਵੱਢਣ ਵਾਲੇ ਦੋਸੀਆ ਖਿਲਾਫ ਵਲਟੋਹਾ ਪੁਲਿਸ ਤੁਰੰਤ ਕਾਰਵਾਈ ਕਰਕੇ ਦੋਸੀਆ ਨੂੰ ਸਲਾਖਾ ਪਿਛੇ ਸੁੱਟੇ ਇੰਨਾ ਸਬਦਾਂ ਦਾ ਪ੍ਰਗਟਾਵਾ ਕਰਦਿਆਂ ਅਮਨਦੀਪ ਹਸਪਤਾਲ ਜੇਰੇ ਇਲਾਜ ਭਾਈ ਇੰਦਰਜੀਤ ਸਿੰਘ ਢੋਲਣ ਦਾ ਹਾਲ ਚਾਲ ਪੁੱਛਣ ਪਹੁੰਚੇ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਿਸਾਨ ਵਿੰਗ ਜਰਨਲ ਸਕੱਤਰ ਪੰਜਾਬ ਭਾਈ ਕਸਮੀਰ ਸਿੰਘ ਨਵਾਦਾ ਨੇ ਜਿਥੇ ਇਸ ਘਟਨਾਕ੍ਰਮ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਉਥੇ ਹੀ ਉਨਾ ਪੁਲਿਸ ਨੂੰ ਅਪੀਲ ਕੀਤੀ ਕਿ ਘਟਨਾ ਵਿਚ ਦੋਸੀ ਵਿਆਕਤੀਆ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਲਾਖਾਂ ਪਿਛਲੇ ਸੁੱਟੇ ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਨੇ ਇਸ ਘਟਨਾ ਦੇ ਦੋਸੀਆ ਨੂੰ ਗ੍ਰਿਫਤਾਰ ਕਰਨ ਵਿਚ ਥੋੜੀ ਵੀ ਢਿੱਲ ਵਰਤੀ ਗਈ ਤਾ ਸ੍ਰੋਮਣੀ ਅਕਾਲੀ ਦਲ ( ਅ )ਹਮ ਖਿਆਲੀ ਪਾਰਟੀਆਂ ਨੂੰ ਨਾਲ ਲੈਕੇ ਤਿੱਖਾ ਸੰਘਰਸ਼ ਵਿੱਢੇਗਾ ।

# ਰੀਲਾਈਨਿੰਗ ਦੇ ਕੰਮ ਕਰਕੇ ਰਾਜਸਥਾਨ ਫੀਡਰ 20 ਮਾਰਚ ਤੋਂ ਰਹੇਗੀ ਬੰਦ



**ਲੁਧਿਆਣਾ/ਸ਼ੰਮੀ ਕੁਮਾਰ**

ਪੰਜਾਬ ਸਰਕਾਰ ਦੇ ਜਲ ਸਰੋਤ ਵਿਭਾਗ ਨੇ ਅਧਿਸੂਚਿਤ ਕੀਤਾ ਹੈ ਕਿ ਰੀਲਾਈਨਿੰਗ ਦੇ ਕੰਮ ਕਾਰਨ ਰਾਜਸਥਾਨ ਫੀਡਰ 20 ਮਾਰਚ, 2023 ਤੋਂ 23 ਮਈ, 2023 ਤੱਕ ਬੰਦ ਰਹੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਨਾਰਦਰਨ ਇੰਡੀਆ ਕੈਨਾਲ ਅਤੇ ਡਰੇਨੇਜ ਐਕਟ, 1873 (ਐਕਟ 8 ਆਫ 1873) ਅਧੀਨ ਜਾਰੀ ਰੂਲਾਂ ਦੇ ਰੂਲ 63 ਤਹਿਤ ਮੌਸਮ ਅਤੇ ਫ਼ਸਲਾਂ ਦੀ ਹਾਲਤ ਨੂੰ ਮੁੱਖ ਰੱਖਦਿਆਂ ਰਾਜਸਥਾਨ ਫ਼ੀਡਰ ਦੀ ਰੀਲਾਈਨਿੰਗ ਦਾ ਕੰਮ ਕਰਨ ਵਾਸਤੇ ਮਿਤੀ 20.3.2023 ਤੋਂ 23.5.2023 ਤੱਕ (ਦੋਵੇਂ ਦਿਨ ਸ਼ਾਮਿਲ) 65 ਦਿਨਾਂ ਦੀ ਬੰਦੀ ਹੋਵਗੀ।

# ਪੁਲਿਸ ਨੇ ਪੀ .ਸੀ ਜਵੈਲਰ ਦੀ ਚੋਰੀ ਦਾ ਮਾਮਲਾ ਸੁਲਝਾਇਆ, ਅਕਾਊਂਟੈਂਟ ਗ੍ਰਿਫਤਾਰ



**ਲੁਧਿਆਣਾ/ਸ਼ੰਮੀ ਕੁਮਾਰ**

ਲੁਧਿਆਣਾ ਕਰਾਇਮ ਬਾ ?ਚ ਦੀ ਟੀਮ ਮਿਲੀ ਵਡੀ ਸਫਲਤਾ ਬੀਤੇ ਦਿਨੀ ਪੀ.ਸੀ ਜਵੈਲਰ ਦੀ ਚੋਰੀ ਦਾ ਮਾਮਲਾ ਸੁਲਝਾਇਆ ਇਸ ਸੰਬੰਧ ਵਿੱਚ ਸਿੰਗਲ ਵਿੰਡੋ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਮੁਲਜ਼ਮ ਪਿਛਲੇ ਕਰੀਬ 3 ਸਾਲਾਂ ਤੋਂ ਜਵੈਲਰ ਕੋਲ ਕੰਮ ਕਰ ਰਿਹਾ ਸੀ ਅਤੇ ਸਟਰਾਂਗ ਰੂਮ ਦੀ ਚਾਬੀ ਉਸ ਕੋਲ ਸੀ। 15 ਫਰਵਰੀ ਦੀ ਰਾਤ ਨੂੰ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਉਹ ਗਹਿਣਿਆਂ ਵਾਲਾ ਬੈਗ ਆਪਣੇ ਦੋਸਤ ਕੋਲ ਛੱਡ ਕੇ ਖੁਦ ਉੱਤਰ ਪ੍ਰਦੇਸ਼ ਦੇ ਰਸਤੇ ਨੇਪਾਲ ਚਲਾ ਗਿਆ। ਇਸ ਦੌਰਾਨ ਉਸ ਨੇ ਆਪਣੇ ਦੋਸਤਾਂ ਨੂੰ ਸੋਨਾ ਪਿਘਲਾ ਕੇ ਕੁਝ ਪੈਸੇ ਨੇਪਾਲ ਭੇਜਣ ਲਈ ਕਿਹਾ। ਪਰ ਅਜਿਹਾ ਨਾ ਹੋਣ ’ਤੇ ਉਹ ਖੁਦ ਸੋਨੇ ਦਾ ਬੈਗ ਲੈਣ ਲਈ ਲੁਧਿਆਣਾ ਆਇਆ ਅਤੇ ਇਸੇ ਦੌਰਾਨ ਧਾਂਧਰਾ ਰੋਡ ਤੋਂ ਮੋਟਰ ਸਾਈਕਲ ਸਮੇਤ ਉਸਨੂੰ ਕਾਬੂ ਕਰ ਲਿਆ।



# ਸ਼ਰਾਬ ਦੇ ਨਸ਼ੇ 'ਚ ਹੋਈ ਤਕਰਾਰ, ਫੇਰ ਕੀਤਾ ਚਚੇਰੇ ਭਰਾ ਦਾ ਕਤਲ, ਭਤੀਜੇ ਨਾਲ ਮਿਲ ਕੇ ਨਹਿਰ 'ਚ ਸੁੱਟਿਆ

**ਲੁਧਿਆਣਾ/ਸ਼ੰਮੀ ਕੁਮਾਰ**

ਲੁਧਿਆਣਾ ਦੇ ਕਸਬਾ ਮਾਛੀਵਾੜਾ ਦੇ ਪਿੰਡ ਪਵਾਤ 'ਚ ਕਿਸੇ ਗੱਲ ਨੂੰ ਲੈ ਕੇ ਇਕ ਵਿਅਕਤੀ ਨੇ ਆਪਣੇ ਭਤੀਜੇ ਦੀ ਮਦਦ ਨਾਲ ਆਪਣੇ ਚਚੇਰੇ ਭਰਾ ਨੂੰ ਸਰਹਿੰਦ ਨਹਿਰ 'ਚ ਸੁੱਟ ਦਿੱਤਾ। ਮੁਲਜ਼ਮ ਨਸ਼ੇ ਵਿੱਚ ਸਨ। ਗੋਤਾਖੋਰਾਂ ਦੀ ਮਦਦ ਨਾਲ ਲਾਸ਼ ਨੂੰ ਬਾਹਰ ਕੱਢਿਆ ਗਿਆ। ਮ੍ਰਿਤਕ ਦੀ ਪਛਾਣ ਬੰਟੀ (35) ਵਾਸੀ ਸਮਰਾਲਾ ਵਜੋਂ ਹੋਈ ਹੈ। ਬੰਟੀ ਦੇ ਤਿੰਨ ਬੱਚੇ ਹਨ। ਪੁਲਸ ਨੇ ਇਸ ਮਾਮਲੇ 'ਚ ਡਾਕਟਰ ਅੰਬੇਡਕਰ ਕਾਲੋਨੀ ਨਿਵਾਸੀ ਬਾਲੀ ਅਤੇ ਕੁਰੂਕਸ਼ੇਤਰ ਦੇ ਗਾਂਧੀ ਨਗਰ ਨਿਵਾਸੀ ਭਤੀਜੇ ਰਵੀ ਨੂੰ ਗ੍ਰਿਫਤਾਰ ਕੀਤਾ ਹੈ। ਰਾਮਜੀ ਨੇ ਪੁਲਸ ਨੂੰ ਆਪਣੀ ਸ਼ਿਕਾਇਤ 'ਚ ਦੱਸਿਆ ਕਿ ਉਹ ਪਾਵਤ ਦੇ ਖੇਤ 'ਚ ਕੰਮ ਕਰਦਾ ਸੀ। ਉਸੇ ਸਮੇਂ ਰਾਹਗੀਰ ਨੇ ਉਸ ਨੂੰ ਦੱਸਿਆ ਕਿ ਨਹਿਰ ਦੇ ਕੋਲ 3 ਵਿਅਕਤੀ ਆਪਸ ਵਿੱਚ ਲੜ ਰਹੇ ਹਨ। ਜਦੋਂ ਉਹ ਮੌਕੇ 'ਤੇ ਪਹੁੰਚਿਆ ਤਾਂ ਬਾਲੀ ਅਤੇ ਰਵੀ, ਬੰਟੀ ਨਾਲ ਲੜ ਰਹੇ ਸਨ। ਦੋਵਾਂ ਨੇ ਬੰਟੀ ਨੂੰ ਨਹਿਰ ਵਿੱਚ ਸੁੱਟ ਦਿੱਤਾ। ਉਸ ਨੇ ਤੁਰੰਤ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਥਾਣਾ ਮਾਛੀਵਾੜਾ ਦੇ ਐਸਐਚਓ ਇੰਸਪੈਕਟਰ ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਤਿੰਨੋਂ ਆਪਸ 'ਚ ਰਿਸ਼ਤੇਦਾਰ ਹਨ। ਪਹਿਲਾਂ ਉਹਨਾਂ ਨੇ ਇਕੱਠੇ ਬੈਠ ਕੇ ਸ਼ਰਾਬ ਪੀਤੀ, ਇਸ ਤੋਂ ਬਾਅਦ ਉਨ੍ਹਾਂ ਵਿਚਕਾਰ ਬਹਿਸ ਹੋ ਗਈ। ਜਿਸ ਕਾਰਨ ਬਾਲੀ ਅਤੇ ਰਵੀ ਨੇ ਮਿਲ ਕੇ ਬੰਟੀ ਨੂੰ ਨਹਿਰ ਵਿੱਚ ਸੁੱਟ ਦਿੱਤਾ। ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ ਲੁਧਿਆਣਾ ਕੇਂਦਰੀ ਜੇਲ੍ਹ ਭੇਜ ਦਿੱਤਾ ਗਿਆ ਹੈ।

# ਹੁਣ ਇਸ ਬੈਂਕ ਨੇ ਦਿੱਤੀ ਵੱਡੀ ਖੁਸ਼ਖਬਰੀ, 64 'ਤੇ ਵਧਾਈ ਵਿਆਜ ਦਰ, ਜਾਣੋ ਨਵੀਆਂ ਵਿਆਜ ਦਰਾਂ

**ਲੁਧਿਆਣਾ/ਸ਼ੰਮੀ ਕੁਮਾਰ**

ਇਨ੍ਹੀਂ ਦਿਨੀਂ ਕਈ ਬੈਂਕਾਂ ਵੱਲੋਂ ਐੱਫ.ਡੀ 'ਤੇ ਵਿਆਜ ਦਰਾਂ ਵਧਾ ਦਿੱਤੀਆਂ ਗਈਆਂ ਹਨ। ਹਾਲ ਹੀ ਵਿੱਚ 8463 ਬੈਂਕ ਨੇ ਆਪਣੀ 64 'ਤੇ ਵਿਆਜ ਦਰਾਂ ਵਿੱਚ ਵਾਧਾ ਕੀਤਾ ਸੀ। ਹੁਣ ਇੱਕ ਹੋਰ ਬੈਂਕ ਨੇ ਆਪਣੀ 64 'ਤੇ ਵਿਆਜ ਦਰਾਂ ਵਧਾ ਦਿੱਤੀਆਂ ਹਨ। ਹੁਣ 93939 ਬੈਂਕ ਨੇ 64 'ਤੇ ਵਿਆਜ ਦਰਾਂ ਵਧਾ ਦਿੱਤੀਆਂ ਹਨ। ਬੈਂਕ ਨੇ 2 ਕਰੋੜ ਰੁਪਏ ਤੋਂ 5 ਕਰੋੜ ਰੁਪਏ ਤੱਕ ਦੀ 64 'ਤੇ ਵਿਆਜ ਦਰਾਂ ਵਧਾ ਦਿੱਤੀਆਂ ਹਨ। ਇਹ ਵਿਆਜ ਦਰ ਘੱਟੋ-ਘੱਟ 2 ਕਰੋੜ ਰੁਪਏ ਅਤੇ ਵੱਧ ਤੋਂ ਵੱਧ 5 ਕਰੋੜ ਰੁਪਏ ਦੀ ਸਿੰਗਲ ਡਿਪਾਜ਼ਿਟ 64 'ਤੇ ਆਮ ਲੋਕਾਂ ਲਈ ਹੈ। ਇਸ ਦੇ ਨਾਲ ਹੀ, ਇਹ ਵਿਆਜ ਦਰਾਂ 23 ਫਰਵਰੀ 2023 ਤੋਂ ਲਾਗੂ ਹਨ। 93939 ਬੈਂਕ ਵੱਲੋਂ ਦਿਤੀ ਜਾਣ ਵਾਲੀਆਂ ਨਵੀਆਂ ਵਿਆਜ ਦਰਾਂ ਹੇਠਾਂ ਦਿੱਤੀਆਂ ਗਈਆਂ ਹਨ।




- 7 ਦਿਨ ਤੋਂ 14 ਦਿਨ - 4.75%
- 15 ਦਿਨ ਤੋਂ 29 ਦਿਨ - 4.75%
- 30 ਦਿਨ ਤੋਂ 45 ਦਿਨ - 5.50%
- 46 ਦਿਨ ਤੋਂ 60 ਦਿਨ - 5.75%
- 61 ਦਿਨ ਤੋਂ 90 ਦਿਨ - 6.00%
- 91 ਦਿਨ ਤੋਂ 120 ਦਿਨ - 6.50%
- 121 ਦਿਨ ਤੋਂ 150 ਦਿਨ - 6.50%
- 151 ਦਿਨ ਤੋਂ 184 ਦਿਨ - 6.50%
- 185 ਦਿਨ ਤੋਂ 210 ਦਿਨ - 6.65%
- 211 ਦਿਨ ਤੋਂ 270 ਦਿਨ - 6.65%
- 271 ਦਿਨ ਤੋਂ 289 ਦਿਨ - 6.75%
- 290 ਦਿਨ ਤੋਂ 1 ਸਾਲ - 6.75%
- 1 ਸਾਲ ਤੋਂ 389 ਦਿਨ - 7.15%
- 390 ਦਿਨ ਤੋਂ <15 ਮਹੀਨੇ - 7.15%
- 15 ਮਹੀਨੇ ਤੋਂ <18 ਮਹੀਨੇ - 7.15%
- 18 ਮਹੀਨੇ ਤੋਂ 2 ਸਾਲ - 7.15%
- 2 ਸਾਲ 1 ਦਿਨ ਤੋਂ 3 ਸਾਲ - 7.00%
- 3 ਸਾਲ 1 ਦਿਨ ਤੋਂ 5 ਸਾਲ - 6.75%
- 5 ਸਾਲ 1 ਦਿਨ ਤੋਂ 10 ਸਾਲ - 6.75%

# ਭੈਣ ਅਨੂੰ ਜੀ ਨਿਰੰਕਾਰੀ ਹੋਏ ਬ੍ਰਹਮਲੀਨ





ਗੜ੍ਹਦੀਵਾਲਾ, 23 ਫਰਵਰੀ: ਨਿਰੰਕਾਰੀ ਮਿਸ਼ਨ ਦੀ ਬ੍ਰਾਂਚ ਗੜ੍ਹਦੀਵਾਲਾ ਦੀ ਕਰਮਯੋਗੀ ਭੈਣ ਅਨੂੰ ਜੀ ਪਤਨੀ ਸੁਰਿੰਦਰ ਕੁਮਾਰ ਨਿਵਾਸੀ ਜੈਨ ਕਲੋਨੀ ਗੜ੍ਹਦੀਵਾਲਾ ਬੀਤੇ ਦਿਨੀਂ ਬ੍ਰਹਮਲੀਨ ਹੋ ਗਏ। ਉਨ੍ਹਾਂ ਦਾ ਸੰਸਕਾਰ ਕੋਈ ਰੋਡ ਗੜ੍ਹਦੀਵਾਲਾ ਦੇ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ। ਉਨ੍ਹਾਂ ਨੂੰ ਮੁੱਖ ਅਗਿਨ ਉਨ੍ਹਾਂ ਦੇ ਬੇਟੇ ਰੋਹਿਤ ਸ਼ਰਮਾ ਨੇ ਦਿੱਤੀ। ਭੈਣ ਅਨੂੰ ਜੀ ਨੇ ਜਿਥੇ ਆਪਣੀਆਂ ਪਰਿਵਾਰਿਕ ਜਿਮੇਵਾਰੀਆਂ ਨਿਭਾਈਆਂ ਨਾਲ ਹੀ ਸੇਵਾ ਸਿਮਰਨ ਤੇ ਸਤਸੰਗ ਨਾਲ ਵੀ ਜੁੜੇ ਰਹੇ। ਇਸ ਮੌਕੇ ਤੇ ਪਰਿਵਾਰਿਕ ਮੈਂਬਰਾਂ ਦੇ ਨਾਲ ਸ਼ਹਿਰ ਵਾਸੀਆਂ ਤੇ ਨਿਰੰਕਾਰੀ ਮਿਸ਼ਨ ਦੇ ਸ਼ਰਧਾਲੂਆਂ ਨੇ ਦੁੱਖ ਪ੍ਰਗਟ ਕੀਤਾ। ਜਿਕਰਯੋਗ ਹੈ ਕਿ ਭੈਣ ਅਨੂੰ ਜੀ ਆਸ਼ਾ ਵਰਕਰ ਦੀ ਸੇਵਾ ਵੀ ਨਿਭਾ ਰਹੇ ਸਨ। ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਨਾ ਦਿਵਸ ਸਤਸੰਗ 28 ਫਰਵਰੀ ਨੂੰ 12 ਵਜੇ ਤੋਂ 2 ਵਜੇ ਤੱਕ ਸੰਤ ਨਿਰੰਕਾਰੀ ਸਤਸੰਗ ਭਵਨ ਗੜ੍ਹਦੀਵਾਲਾ ਵਿਖੇ ਹੋਵੇਗਾ।


# ਰਾਮ ਨਗਰ 'ਚ ਚੱਲ ਰਿਹਾ ਘਰੇਲੂ ਗੈਸ ਸਿਲਡਰ ਦੀ ਕਾਲਾਬਜਾਰੀ ਦਾ ਧੰਦਾ

## ਲੋਕਾਂ ਦੀ ਜਾਨ-ਮਾਲ ਦੀ ਰਖਵਾਲੀ ਰੱਬ ਆਸਰੇ ਕਾਨੂੰਨ ਨੂੰ ਛਿੱਟੇ ਟੰਗ ਕੇ ਕਾਲਾਬਜਾਰੀ ਦਾ ਧੰਦਾ ਜੋਰਾਂ-ਸ਼ੋਰਾਂ ਨਾਲ ਜਾ ਰਿਹਾ ਚਲਾਇਆ

**ਲੁਧਿਆਣਾ/ਸ਼ੰਮੀ ਕੁਮਾਰ**

ਈਸਟ ਮੈਨ ਚੌਕ ਦੇ ਨਜ਼ਦੀਕ ਪੈਂਦੇ ਰਾਮ ਨਗਰ ਇਲਾਕੇ ਵਿੱਚ ਘਰੇਲੂ ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ ਦਾ ਧੰਦਾ ਪਿਛਲੇ ਕਾਫੀ ਲੰਮੇ ਸਮੇਂ ਤੋਂ ਜ਼ੋਰਾਂ ਸ਼ੋਰਾਂ ਨਾਲ ਚਲਾਇਆ ਜਾ ਰਿਹਾ ਹੈ। ਜੋ ਬੇਖ਼ੌਫ ਹੋ ਕੇ ਲੋਕਾਂ ਦੀ ਜਾਨ-ਮਾਲ ਨੂੰ ਖਤਰੇ ਵਿੱਚ ਪਾ ਕੇ ਆਪਣੇ ਕਾਲੇ ਕੰਮਾਂ ਨੂੰ ਅੰਜਾਮ ਦੇ ਰਹੇ ਹਨ। ਜਿਸ ਵੱਲ ਨਾ ਤਾਂ ਪ੍ਰਸ਼ਾਸਨ ਦਾ ਕੋਈ ਧਿਆਨ ਹੈ ਅਤੇ ਨਾ ਹੀ ਫੂਡ ਸਪਲਾਈ ਵਿਭਾਗ ਦੇ ਦਫਤਰ ਵਿੱਚ ਬੈਠੇ ਅਧਿਕਾਰੀਆਂ ਦਾ,ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਵਿਭਾਗ ਦੇ ਅਧਿਕਾਰੀ ਇਸ ਗੱਲ ਤੋਂ ਬੇਖਬਰ ਹੋਣ।





ਇਕ ਪਾਸੇ ਤਾਂ ਪੰਜਾਬ ਦੇ ਲੋਕ ਮਹਿੰਗਾਈ ਦੀ ਮਾਰ ਝੱਲ ਰਹੇ ਹਨ ਅਤੇ ਦੂਸਰੇ ਪਾਸੇ ਦਿਨ-ਦਿਹਾੜੇ ਲੋਕਾਂ ਦੀਆਂ ਜੇਬਾਂ ਤੇ ਡਾਕਾ ਪਾ ਕੇ ਈਸਟ ਮੈਨ ਰੋਡ ਦੇ ਨਜ਼ਦੀਕ ਰਾਮ ਨਗਰ ਵਿੱਚ ਘਰੇਲੂ ਗੈਸ ਸਿਲੰਡਰਾਂ ਦੀ ਰੀਫਿਲਿੰਗ ਦਾ ਕੰਮ ਸ਼ਰੇਆਮ ਧੜੱਲੇ ਨਾਲ ਕਰਵਾਇਆ ਜਾ ਰਿਹਾ ਹੈ। ਮਹਾਂਨਗਰ ਦੇ ਵਿਚ ਪਹਿਲਾਂ ਵੀ ਘਰੇਲੂ ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ ਕਾਰਣ ਕਈ ਲੋਕ ਆਪਣੀ ਜਾਨ ਤੋਂ ਹੱਥ ਧੋ ਬੈਠੇ ਹਨ। ਇੰਨ੍ਹਾਂ ਕੁਝ ਹੋਣ ਦੇ ਬਾਵਜੂਦ ਵੀ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ ਕੀ ਫੂਡ ਸਪਲਾਈ ਵਿਭਾਗ ਦੇ ਅਧਿਕਾਰੀ ਜਾਂ ਪੁਲੀਸ ਪ੍ਰਸ਼ਾਸਨ ਕਿਸੇ ਵੱਡੀ ਘਟਨਾ ਦੇ ਹੋਣ ਦੀ ਉਡੀਕ ਕਰ ਰਿਹਾ ਹੈ ਜਾਂ ਫਿਰ ਸਭ ਕੁਝ ਪਤਾ ਹੋਣ ਦੇ ਬਾਵਜੂਦ ਅੱਖਾਂ ਬੰਦ ਕਰਕੇ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖ ਰਹੇ ਹਨ ਹੁਣ ਦੇਖਣਾ ਇਹ ਹੋਵੇਗਾ ਕਿ ਪ੍ਰਸ਼ਾਸਨ ਦੇ ਅਧਿਕਾਰੀ ਇਸ ਖਿਲਾਫ ਕੀ ਕਾਰਵਾਈ ਕਰਨਗੇ ਜਾਂ ਇਸ ਮਾਮਲੇ ਨੂੰ ਠੰਢੇ ਬਸਤੇ ਵਿੱਚ ਪਾ ਦੇਣਗੇ।

# ਗੁ: ਸਾਹਿਬ ਵਿਖੇ ਮਾਘ ਦੇ ਮਹੀਨੇ ਵਿੱਚ ਚੱਲ ਰਹੀ ਪਾਠਾਂ ਦੀ ਲੜੀ ਸਮਾਗਮ ਦੀ ਹੋਈ ਸਮਾਪਤੀ




**ਲੁਧਿਆਣਾ/ਸ਼ੰਮੀ ਕੁਮਾਰ**

ਮਾਘ ਮਹੀਨੇ ਤੋਂ ਲਗਾਤਾਰ ਗੁਰਦੁਆਰਾ ਵਿਸ਼ਵਕਰਮਾ ਭਵਨ ਗਲੀ ਨੰਬਰ 3 ਨੇੜੇ ਨਿੱਪੀ ਪਬਲਿਕ ਸਕੂਲ ਕਵਾਲਟੀ ਰੋੜ ਸਿਮਲਾਪੁਰੀ ਵਿਖੇ ਸੁਖਮਨੀ ਸਾਹਿਬ ਸੁਸਾਇਟੀ ਜੱਥੇ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਮਾਘ ਦੇ ਮਹੀਨੇ ਵਿੱਚ ਰੱਖੇ ਗਏ ਪਾਠਾਂ ਦੀ ਲੜੀ ਦੀ ਸਮਾਪਤੀ ਸ਼ਬਦ ਕੀਰਤਨ ਅਤੇ ਗੁਰੂ ਵਿਚਾਰਾਂ ਸਾਂਝੀਆਂ ਕਰਦਿਆਂ ਹੋਇਆ ਕੀਤੀ ਗਈ ਅਰੰਭਤਾ ਮੌਕੇ ਭਾਈ ਯੂਗੇਸ ਸਿੰਘ ਲੁਧਿਆਣਾ ਵਾਲਿਆਂ ਦੇ ਜੱਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ । ਇਸ ਤੋਂ ਬਾਅਦ ਸੁਖਮਨੀ ਸਾਹਿਬ ਬੀਬੀਆਂ ਦੇ ਜੱਥਿਆਂ ਵੱਲੋਂ ਗੁਰਮਤਿ ਵਿਚਾਰਾਂ ਅਤੇ ਕੀਰਤਨ ਜਾਪ ਕਰਦਿਆਂ ਪਾਠਾਂ ਦੇ ਭੋਗ ਪਾਏ ਗਏ । ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੇ ਚਾਹ ਪਕੌੜਿਆਂ ਦੀ ਸੇਵਾ ਬੀਬਾ ਹਰਵਿੰਦਰ ਕੌਰ ਯੁਗਾਂਡਾ, ਬੀਬੀ ਰਾਜ ਰਾਣੀ ਰਾਜੀ ਵੱਲੋਂ ਸਰਧਾ ਭਾਵਨਾ ਨਾਲ ਨਿਭਾਈ ਗਈ ਅਤੇ ਲੰਗਰ ਅਤੁੱਟ ਵਰਤਾਇਆ ਗਿਆ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਬਲਬੀਰ ਸਿੰਘ ਕਲਸੀ ਅਤੇ ਪ੍ਰਬੰਧਕ ਕਮੇਟੀ ਵੱਲੋਂ ਸੁਖਮਨੀ ਸਾਹਿਬ ਦੀਆਂ ਸੇਵਾ ਨਿਭਾਅ ਰਹੀਆਂ ਬੀਬੀਆਂ ਨੂੰ ਸਿਰੋਪਾਓ ਭੇਟ ਕੀਤੇ ਗਏ ਤੇ ਗੁਰੂ ਘਰ ਵਿਖੇ ਪਹੁੰਚਣ ਤੇ ਸੰਗਤਾਂ ਅਤੇ ਜੱਥਿਆਂ ਦਾ ਧੰਨਵਾਦ ਕੀਤਾ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਨਿੱਘੇ ਸੱਦੇ ਤੇ ਪਹੁੰਚੇ ਗੁਰਦੁਆਰਾ ਮਾਤਾ ਗੁਜਰੀ ਜੀ ਸ਼ਿਮਲਾਪੁਰੀ ਬੀਬੀ ਰਵਿੰਦਰ ਕੌਰ ਦਾ ਜੱਥਾ ,ਗੁਰਦੁਆਰਾ ਅਰਜਨ ਦੇਵ ਜੀ ਜੱਥਾ, ਗੁਰਦੁਆਰਾ ਦੁਖ ਭੰਜਨ ਸਾਹਿਬ ਜੀ ਜੱਥਾ (ਚਿਮਨੀ ਰੋਡ) ਪ੍ਰਧਾਨ ਬੀਬੀ ਤਰਨਜੀਤ ਕੌਰ ਦਾ ਜੱਥਾ, ਗੁਰਦੁਆਰਾ ਚੜ੍ਹਦੀ ਕਲਾ ਸਾਹਿਬ ਜੀ ਜੱਥਾ (ਸਟਾਰ ਰੋਡ) ਅਤੇ ਗੁਰਦੁਆਰਾ ਦੁੱਖ ਭੰਜਨ ਸਾਹਿਬ ਗਲੀ ਨੰਬਰ 7 ਸ਼ਿਮਲਾਪੁਰੀ ਮਾਈ ਭਾਗੋ ਜੱਥਾ ( ਕੁਵਾਲਟੀ ਰੋਡ) ਪ੍ਰਧਾਨ ਬੀਬੀ ਅਮਰਜੀਤ ਕੌਰ ਦੇ ਜੱਥੇ ਨੂੰ ਜੀ ਆਇਆਂ ਆਖਿਆ ਅਤੇ ਪਹੁੰਚੇ ਜੱਥਿਆਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਵੀ ਕੀਤਾ ਇਸ ਮੌਕੇ ਪ੍ਰਧਾਨ ਹਰਪਾਲ ਕੌਰ ਹਰਵਿੰਦਰ ਕੌਰ ਯੁਗਾਂਡਾ , ਰਾਜ ਰਾਣੀ ਰਾਜੀ ਪਰਕਾਸ਼ ਕੌਰ ਮਨਪ੍ਰੀਤ ਕੌਰ ਸੁਖਵਿੰਦਰ ਕੌਰ ਗੋਲਡੀ ਕੁਲਦੀਪ ਕੌਰ ਜਸਬੀਰ ਕੌਰ ਗੁਰਮੀਤ ਕੌਰ ਹਰਪ੍ਰੀਤ ਕੌਰ ਸ਼ਰਨਜੀਤ ਕੌਰ ਮਨਮੀਤ ਕੌਰ ਕਰਮਜੀਤ ਕੌਰ ਬਿੰਦਰ ਕੌਰ ਭਿੰਦਰ ਕੌਰ ਪਰਮਿੰਦਰ ਕੌਰ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਨੇ ਹਾਜਰੀ ਭਰ ਅਸ਼ੀਰਵਾਦ ਲਿਆ ।

## ਪੰਜਾਬ ਪੁਲਿਸ ਦੀ ਨਵੇਕਲੀ ਪਹਿਲ



**ਲੁਧਿਆਣਾ/ਸੁਖਚੈਨ ਮਹਿਰਾ**

ਸ਼ਹਿਰ ਦੇ ਪਿੰਡ ਆਲਮਗੀਰ ਵਿਖੇ ਸਥਿਤ ਇਕ ਨੂਰ ਹਸਪਤਾਲ ਵਿੱਚ ਪੰਜਾਬ ਪੁਲਿਸ ਦੇ ਸਾਂਝ ਕੇਂਦਰਾਂ ਵਲੋਂ ਲੋਕ ਭਲਾਈ ਦੇ ਰਾਹ ਤੇ ਚਲਦਿਆਂ ਮਾਨਯੋਗ ਵਿਸ਼ੇਸ਼ ਡਾਇਰੈਕਟਰ ਜਨਰਲ ਪੁਲਿਸ ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਪੰਜਾਬ, ਮਾਨਯੋਗ ਪੁਲਿਸ ਕਮਿਸ਼ਨਰ ਲੁਧਿਆਣਾ ਸ੍ਰੀ ਮਨਦੀਪ ਸਿੰਘ ਸਿੱਧੂ ਆਈ.ਪੀ.ਐਸ ਅਤੇ ਡੀ.ਸੀ.ਪੀ.ਓ. ਹਰਕਮਲ ਕੌਰ ਪੀ.ਪੀ.ਐਸ ਜੀ ਦੇ ਦਿਸ਼ਾ ਨਿਰਦੇਸ਼ ਤੇ 60 ਲੋੜਵੰਦ ਮਰੀਜਾਂ ਦਾ ਡੈਲਸਿਸ ਕਰਵਾਇਆ ਗਿਆ। ਲੁਧਿਆਣਾ ਪੁਲਿਸ ਸਾਂਝ ਦੇ ਇੰਚਾਰਜ ਇੰਸਪੈਕਟਰ ਮਨਜਿੰਦਰ ਕੌਰ ਨੇ ਪ੍ਰੈਸ ਨੂੰ ਦੱਸਿਆ ਕਿ ਪੰਜਾਬ ਪੁਲਿਸ ਹਮੇਸ਼ਾ ਲੋਕਾਂ ਦੀ ਸੇਵਾ ਵਿਚ ਹਾਜਿਰ ਰਹਿੰਦੀ ਹੈ। ਅੱਜ ਇਕ ਸਾਦੇ ਸਮਾਗਮ ਵਿੱਚ ਪੁਲੀਸ ਵਲੋਂ 60 ਲੋੜਵੰਦ ਮਰੀਜਾਂ ਦੇ ਡੈਲਸਿਸ ਨੂੰ ਸਪਾਂਸਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਸਾਂਝ ਕੇਂਦਰ ਪਹਿਲਾਂ ਵੀ ਕਈ ਮੈਡੀਕਲ ਕੈਂਪ , ਨਸ਼ੇ ਵਿਰੋਧੀ ਜਾਗਰੂਕਤਾ ਮੁਹਿੰਮ ਚਲਾ ਰਿਹਾ ਹੈ। ਅੱਜ ਇਸ ਮੌਕੇ ਸਾਂਝ ਮੁਲਾਜਮ ਅਸ਼ਵਨੀ ਕੁਮਾਰ, ਬਲਵੰਤ ਸਿੰਘ, ਹਰਪ੍ਰੀਤ ਸਿੰਘ, ਇਸ਼ਨੀਤ ਸਿੰਘ, ਸਾਂਝ ਮੈਂਬਰ ਇਕ ਨੂਰ ਸੰਸਥਾ ਦੇ ਬਰਜਿੰਦਰ ਸਿੰਘ, ਸੁਖਵਿੰਦਰ ਸਿੰਘ, ਭਾਵਪ੍ਰੀਤ ਸਿੰਘ ਮੈਂਬਰ ਹਾਜਿਰ ਰਹੇ।



**ਲੁਧਿਆਣਾ/ਲੋਕ ਬਾਣੀ**

ਮਿਤੀ 23 ਫਰਵਰੀ 2023 ਨੂੰ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜ਼ਿ:), ਅੰਮ੍ਰਿਤਸਰ ਅਤੇ ਪਿੰਗਲਵਾੜਾ ਸੁਸਾਇਟੀ ਆਫ਼ ਉਨਟਾਰੀਉ ਦੇ ਸਾਂਝੇ ਸਹਿਯੋਗ ਨਾਲ ਚੱਲ ਰਹੇ ਭਗਤ ਪੂਰਨ ਸਿੰਘ ਸਕੂਲ ਫਾਰ ਦੀ ਡੈਫ ਮਾਨਾਂਵਾਲਾ ਵਿਖੇ ਆਰਟ ਆਫ ਲਿਵਿੰਗ ਸੰਸਥਾ ਵੱਲੋਂ ਸਕੂਲ ਵਿਚ ਪੜ੍ਹਦੇ ਗੂੰਗੇ-ਬੋਲੇ ਬੱਚਿਆਂ ਲਈ ਦੋ ਦਿਨਾਂ ਇੰਨਟੀਉਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਆਰਟ ਆਫ ਲਿਵਿੰਗ ਦੇ ਟੀਚਰ ਮੁਸਕਾਨ ਕਪੂਰ ਨੇ ਦੱਸਿਆ ਕਿ ਇਸ ਪੋ ?ਰਗਰਾਮ ਦਾ ਮਕਸਦ ਬੱਚਿਆਂ ਵਿਚ ਉਹਨਾਂ ਦਾ ਪੜ੍ਹਾਈ ਦਾ ਪੱਧਰ ਉਚਾ ਚੁੱਕਣਾ ਅਤੇ ਭਵਿੱਖ ਵਿਚ ਬੱਚਿਆਂ ਨੂੰ ਉਹਨਾਂ ਦੇ ਕੈਰੀਅਰ ਪ੍ਰਤੀ ਫੈਸਲੇ ਲੈਣ ਵਿਚ ਸਹਾਇਕ ਹੋਵੇਗਾ ।

# ਸ਼ੁੱਧ ਭੋਜਨ ਨਾ ਖਾਣਾ, ਬਣ ਰਿਹਾ ਬਿਮਾਰੀਆਂ ਦਾ ਕਾਰਨ : ਸਿਵਲ ਸਰਜਨ

**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਸਿਹਤ ਵਿਭਾਗ ਪੰਜਾਬ ਵੱਲੋ ਜਾਰੀ ਹੁਕਮਾਂ ਤਹਿਤ ਜ਼ਿਲ੍ਹੇ ਭਰ ਵਿਚ ਆਮ ਲੋਕਾਂ ਨੂੰ ਬਿਮਾਰੀਆਂ ਅਤੇ ਸਿਹਤ ਵਿਭਾਗ ਪੰਜਾਬ ਵਲੋ ਦਿੱਤੀਆਂ ਜਾਂ ਰਹੀਆਂ ਮੁਫਤ ਸਹੂਲਤਾਂ ਬਾਰੇ ਸਮੇ ਸਮੇ ’ਤੇ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਸਿਵਲ ਸਰਜਨ ਡਾ.ਹਿਤਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਮਾਸ ਮੀਡੀਆ ਵਿੰਗ ਵਲੋ ਆਮ ਲੋਕਾਂ ਨੂੰ ਹੋ ਰਹੀਆਂ ਬਿਮਾਰੀਆਂ ਜਿਵੇਂ ਕਿ ਕੈਂਸਰ, ਸੂਗਰ, ਬਲੱਡ ਪ੍ਰੈਸ਼ਰ ਅਤੇ ਦਿਲ ਦੀਆਂ ਬਿਮਾਰੀਆਂ ਸਬੰਧੀ ਜਾਗਰੂਕ ਕੀਤਾ ਜਾਂ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਨਾਂ ਬਿਮਾਰੀਆਂ ਦਾ ਮੁੱਖ ਕਾਰਨ ਆਮ ਲੋਕਾਂ ਦੀ ਰੋਜ਼ਾਨਾ ਜਿੰਦਗੀ ਵਿਚ



ਤਬਦੀਲੀਆਂ ਦਾ ਆਉਣਾ ਹੈ। ਉਨ੍ਹਾਂ ਕਿਹਾ ਕਿ ਰੋਜ਼ ਦੇ ਖਾਣੇ ਵਿਚ ਪੌਸ਼ਟਿਕਤਾ ਘੱਟ ਰਹੀ ਹੈ ਅਤੇ ਲੋਕ ਘਰ ਦਾ ਖਾਣਾ ਖਾਣ ਦੀ ਬਜਾਏ ਫਾਸਟ ਫੂਡ ਖਾਣ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ।

ਉਨ੍ਹਾਂ ਦੱਸਿਆ ਕਿ ਜਿੱਥੇ ਆਮ ਲੋਕ ਬਾਹਰ ਦਾ ਖਾਣਾ ਖਾਣ ਪਸੰਦ ਕਰਦੇ ਹਨ ਉੱਥੇ ਪੈਦਲ ਚੱਲਣਾ ਅਤੇ ਕਸਰਤ ਕਰਨੀ ਵੀ ਘੱਟ ਕਰ ਦਿੱਤੀ ਗਈ ਹੈ। ਡਾ. ਹਿਤਿੰਦਰ ਕੌਰ ਨੇ ਦੱਸਿਆ ਕਿ ਇਸ ਦੇ ਨਾਲ ਨਾਲ ਲੋਕ ਵੱਡੇ ਪੱਧਰ ’ਤੇ ਨਸ਼ਿਆਂ ਦਾ ਸੇਵਨ ਵੀ ਕਰ ਰਹੇ ਹਨ। ਲੋਕਾਂ ਵੱਲੋ ਖਾਣ ਪੀਣ ਵਿੱਚ ਵਰਤੀਆ ਜਾਂ ਰਹੀਆਂ ਗਲਤ ਆਦਤਾਂ ਬਿਮਾਰੀਆਂ ਦਾ ਮੁੱਖ ਕਾਰਨ ਬਣ ਰਿਹਾ ਹੈ। ਉਨਾਂ ਦੱਸਿਆ ਕਿ ਜੇਕਰ ਵਿਅਕਤੀ ਨੂੰ ਉਪਰੋਕਤ ਬਿਮਾਰੀਆਂ ਦੀ ਸ਼ਿਕਾਇਤ ਨਜ਼ਰ ਆ ਰਹੀ ਹੈ ਤਾਂ ਉਹ ਨੇੜੇ ਦੇ ਸਿਹਤ ਕੇਂਦਰ ਵਿਚ ਜਾ ਕੇ ਆਪਣੀ ਜਾਂਚ ਅਤੇ ਇਲਾਜ ਕਰਵਾ ਸਕਦੇ ਹਨ। ਸਰਕਾਰੀ ਸਿਹਤ ਕੇਦਰਾਂ ’ਤੇ ਇਨ੍ਹਾਂ ਬਿਮਾਰੀਆਂ ਦੀ ਜਾਂਚ ਅਤੇ ਇਲਾਜ ਬਿਲਕੁਲ ਮੁਫਤ ਕੀਤਾ ਜਾਂਦਾ ਹੈ।

# ਵਿਧਾਇਕ ਪਰਾਸ਼ਰ ਵਲੋਂ ਗਊਸ਼ਾਲਾ ਰੋਡ ਤੋਂ ਢੋਕਾ ਮੁਹੱਲਾ ਅਤੇ ਸ਼ਮਸ਼ਾਨਘਾਟ ਵਿਚਕਾਰ ਨਾਲੇ ਨੂੰ ਢੱਕਣ ਲਈ 9.39 ਕਰੋੜ ਰੁਪਏ ਦੇ ਪ੍ਰੋਜੈਕਟ ਦੀ ਸ਼ੁਰੂਆਤ

## ਪ੍ਰੋਜੈਕਟ ਤਹਿਤ ਵੱਖ-ਵੱਖ ਖੇਤਰਾਂ ਦੇ ਸੀਵਰੇਜ ਦੇ ਪਾਣੀ ਦੀ ਸਮੱਸਿਆ ਦਾ ਹੋਵੇਗਾ ਨਿਪਟਾਰਾ

**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਵਿਧਾਨ ਸਭਾ ਹਲਕਾ ਲੁਧਿਆਣਾ ਕੇਂਦਰੀ ਹਲਕੇ ਤੋਂ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਵਲੋਂ ਗਊਸ਼ਾਲਾ ਰੋਡ ਤੋਂ ਢੋਕਾ ਮੁਹੱਲਾ ਅਤੇ ਸ਼ਮਸ਼ਾਨਘਾਟ ਵਿਚਕਾਰ ਨਾਲੇ ਨੂੰ ਢੱਕਣ ਲਈ 9.39 ਕਰੋੜ ਰੁਪਏ ਦੇ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ।

ਕੰਮ ਦੀ ਸ਼ੁਰੂਆਤ ਕਰਦਿਆਂ ਵਿਧਾਇਕ ਨੇ ਕਿਹਾ ਕਿ ਇਸ ਪ੍ਰੋਜੈਕਟ ਨਾਲ ਲੁਧਿਆਣਾ ਕੇਂਦਰੀ ਹਲਕੇ ਵਿੱਚ ਪੈਂਦੇ ਧਰਮਪੁਰਾ, ਢੋਕਾ ਮੁਹੱਲਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਵਾਸੀਆਂ ਦੀ ਸੀਵਰੇਜ ਦੀ ਸਮੱਸਿਆ ਹੱਲ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਵਿੱਚ ਨਾਲੇ ਨੇੜੇ ਕੂੜਾ ਡੰਪ ਕਰਨਾ ਲੋਕਾਂ ਦੀ ਪ੍ਰੇਸ਼ਾਨੀ ਵਧਾ ਰਿਹਾ ਹੈ।

ਪਰਾਸ਼ਰ ਨੇ ਕਿਹਾ ਕਿ ਉਨ੍ਹਾਂ ਸ਼ਹਿਰ ਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਨਾਲੇ ਨੂੰ ਢੱਕ ਦਿੱਤਾ ਜਾਵੇਗਾ ਅਤੇ ਹੁਣ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨੂੰ ਮੁਕੰਮਲ ਹੋਣ ਵਿੱਚ ਇੱਕ ਸਾਲ ਦਾ ਸਮਾਂ ਲੱਗੇਗਾ, ਜਿਸ ਤਹਿਤ ਨਾਲੇ 'ਤੇ ਸੀਵਰੇਜ ਲਾਈਨਾਂ ਪਾ ਕੇ ਕੰਕਰੀਟ ਦੀ ਸੜਕ ਬਣਾਈ



ਜਾਵੇਗੀ। ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੁਧਿਆਣਾ ਨੂੰ ਦੇਸ਼ ਦਾ ਸਰਵੋਤਮ ਸ਼ਹਿਰ ਬਣਾਉਣ ਲਈ ਵਚਨਬੱਧ ਹੈ ਅਤੇ ਇਸ ਸਬੰਧੀ ਹਰ ਲੋੜੀਂਦਾ ਕਦਮ ਚੁੱਕ ਰਹੀ ਹੈ। ਉਨ੍ਹਾਂ ਠੇਕੇਦਾਰ ਨੂੰ ਉਸਾਰੀ ਲਈ ਮਿਆਰੀ ਸਮੱਗਰੀ ਦੀ ਵਰਤੋਂ ਯਕੀਨੀ ਬਣਾਉਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਉਹ ਇਸ ਪ੍ਰਾਜੈਕਟ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਪੂਰੀ ਨਜ਼ਰ ਰੱਖਣਗੇ। ਇਸ ਮੌਕੇ ਚੰਦਰਪਾਲ, ਰਾਜੇਸ਼ ਪਨਫੇਰ, ਨਿਰਮਲ ਵਿਰਕ, ਨੇਕ ਚੰਦ, ਮਨਜੀਤ ਸਿੰਘ, ਕਪਿਲ ਸਿੱਧੂ, ਵਿਜੇ ਸਿੰਘ, ਪ੍ਰਿੰਸ ਕੁਮਾਰ, ਕਾਜਲ ਅਰੋੜਾ, ਸੁਸ਼ੀਲ ਕੁਮਾਰ, ਅਬਦੁਲ ਕਾਦਿਰ, ਗਗਨਦੀਪ ਸਿੰਘ ਜੌਨੀ, ਅਜੇ ਨਈਅਰ (ਟੈਂਕੀ), ਮੁਕੇਸ਼ ਵਰਮਾ, ਸੰਨੀ ਬੇਦੀ, ਰਾਜੇਸ਼ ਕੁਮਾਰ ਲੱਕੀ, ਅਮਨ ਬੱਗਾ, ਪ੍ਰਦੀਪ ਸ਼ਰਮਾ, ਸੰਦੀਪ ਸ਼ਰਮਾ, ਸਤਨਾਮ ਅਹੂਜਾ, ਦੀਪਕ ਮਾਕਨ, ਰਾਜੀਵ ਅਰੋੜਾ, ਕਾਸ਼ੀ ਸੱਭਰਵਾਲ, ਦਵਿੰਦਰ ਕੁਮਾਰ, ਦਿਨੇਸ਼ ਗੁਲਾਟੀ ਅਤੇ ਹੋਰ ਆਮ ਆਦਮੀ ਪਾਰਟੀ ਦੇ ਵਰਕਰ ਮੌਜੂਦ ਸਨ।

# ਭਾਈ ਘਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜ਼ਿ) ਨੇ ਆਰੰਭ ਕੀਤੀ ਫਰੀ ਕਾਰ ਐਂਬੂਲੈਂਸ ਸੇਵਾ



**ਲੁਧਿਆਣਾ/ਲੋਕ ਬਾਣੀ**

ਆਪਣੀ ਉਸਾਰੂ ਸੋਚ ਨੂੰ ਮੁਨੱਖੀ ਸੇਵਾ ਕਾਰਜਾਂ ਵਿੱਚ ਲਗਾਉਣ ਵਾਲੀ ਸੰਸਥਾ ਭਾਈ ਘਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ(ਰਜ਼ਿ) ਵੱਲੋ ਨਿਸ਼ਕਾਮ ਰੂਪ ਵਿੱਚ ਕੀਤੇ ਜਾ ਰਹੇ ਸੇਵਾ ਕਾਰਜ ਸਮਾਜ ਦੇ ਲਈ ਇੱਕ ਪ੍ਰੇਣਾ ਦਾ ਸਰੋਤ ਹਨ ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਭਾਈ ਘਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜ਼ਿ) ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਅੱਜ ਜ਼ਿਲ੍ਹਾ ਲੁਧਿਆਣਾ ਦੇ ਨਾਲ ਸਬੰਧਤ ਮਰੀਜ਼ਾਂ ਨੂੰ ਤਰੁੰਤ ਪਹਿਲ ਦੇ ਆਧਾਰ ਤੇ ਆਧੁਨਿਕ ਸਿਹਤ ਸਹੂਲਤਾਂ ਪ੍ਰਦਾਨ ਕਰਵਾਉਣ ਦੇ ਮਨੋਰਥ ਨਾਲ ਸੁਸਾਇਟੀ ਵੱਲੋ ਵਿਸ਼ੇਸ਼ ਤੌਰ ਤੇ ਤਿਆਰ ਕਰਵਾਈ ਗਈ ਐਂਬੂਲੈਂਸ ਕਾਰ ਨੂੰ ਰਵਾਨਾ ਕਰਨ ਮੌਕੇ ਕੀਤਾ ।ਆਪਣੀ ਗੱਲਬਾਤ ਜੱਥੇ.ਨਿਮਾਣਾ ਨੇ ਦੱਸਿਆ ਕਿ ਭਾਈ ਘਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ(ਰਜ਼ਿ) ਦੇ ਵੱਲੋ ਅੱਜ ਆਰੰਭ ਕੀਤੀ ਐਂਬੂਲੈਂਸ ਸੇਵਾ ਲੁਧਿਆਣਾ ਵਾਸੀਆਂ ਲਈ ਇੱਕ ਵਰਦਾਨ ਸਿੱਧ ਹੋਵੇਗੀ ।ਉਨ੍ਹਾਂ ਨੇ ਕਿਹਾ ਕਿ ਉਕਤ ਕਾਰ ਐਂਬੂਲੈਂਸ ਅੰਦਰ ਮਿਲਣ ਵਾਲੀਆਂ ਸਾਰੀਆਂ ਆਧੁਨਿਕ ਸਹੂਲਤਾਂ ਉਪਲੱਬਧ ਕਰਵਾਈਆਂ ਗਈਆਂ ਹਨ ।ਜੋ ਕਿ ਮਰੀਜ਼ਾਂ ਦੀਆਂ ਕੀਮਤੀ ਜਿੰਦਗੀਆਂ ਨੂੰ ਸੁਰੱਖਿਅਤ ਰੱਖਣ ਤੇ ਉਨ੍ਹਾਂ ਨੂੰ ਸਮੇਂ ਸਿਰ ਹਸਪਤਾਲ ਲਿਜਾਣ ਵਿੱਚ ਆਪਣਾ ਮਹੱਤਵਪੂਰਨ ਰੋਲ ਅਦਾ ਕਰੇਗੀ। ਸੁਸਾਇਟੀ ਦੇ ਮੁੱਖ ਬੁਲਾਰਾ ਭਾਈ ਹਰਪਾਲ ਸਿੰਘ ਨਿਮਾਣਾ ਨੇ ਦੱਸਿਆ ਕਿ ਕਿ ਸਾਡੀ ਸੁਸਾਇਟੀ ਵੱਲੋ ਲੁਧਿਆਣਾ ਸ਼ਹਿਰ ਦੀਆਂ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਆਰੰਭ ਕੀਤੀ ਗਈ ਫਰੀ ਕਾਰ ਐਂਬੂਲੈਂਸ ਸੇਵਾ ਲੋੜਵੰਦ ਮਰੀਜ਼ਾਂ ਲਈ ਵਾਰਧਾਨ ਸਿੱਧ ਹੋਵੇਗੀ । ਉਨ੍ਹਾਂ ਨੇ ਕਿਹਾ ਕਿ ਸਾਡੀ ਸੁਸਾਇਟੀ ਸੇਵਾ ਦੇ ਪੁੰਜ ਭਾਈ ਘਨ੍ਹੱਈਆ ਜੀ ਦੇ ਮਨੁੱਖੀ ਸੇਵਾ ਸਕੰਲਪ ਦੇ ਸਿਧਾਂਤ ਤੇ ਪਹਿਰਾ ਦੇਣ ਵਾਲੀ ਸੁਸਾਇਟੀ ਹੈ ।ਜੋ ਕਿ ਹਰ ਬਿਪਤਾ ਭਰੇ ਸਮੇਂ ਵਿੱਚ ਮਨੁੱਖੀ ਜਿੰਦਗੀਆਂ ਨੂੰ ਸੁਰੱਖਿਅਤ ਕਰਨ, ਭੋਜਨ,ਦਵਾਈਆਂ ਪਹੁੰਚਾਉਣ ਦੀ ਸੇਵਾ ਵਿੱਚ ਹਮੇਸ਼ਾ ਤਿਆਰ ਰਹਿੰਦੀ ਹੈ, ਖਾਸ ਕਰਕੇ ਸੁਸਾਇਟੀ ਦੇ ਵਲੰਟੀਅਰ ਬਿਨ੍ਹਾਂ ਕਿਸੇ ਭੇਦਭਾਵ ਨਾਲ ਨਿਸ਼ਕਾਮ ਰੂਪ ਵਿੱਚ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਹਨ ।ਇਸੇ ਮਿਸ਼ਨ ਨੂੰ ਲੈ ਕੇ ਸੁਸਾਇਟੀ ਵੱਲੋ ਫਰੀ ਕਾਰ ਐਂਬੂਲੈਂਸ ਸੇਵਾ ਆਰੰਭ ਕੀਤੀ ਗਈ ਹੈ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਸੁਸਾਇਟੀ ਦੇ ਪ੍ਰਮੁੱਖ ਅਹੁਦੇਦਾਰ ਸੰਵੇਦਨਾ ਟਰੱਸਟ ਤੋਂ ਵਿਕਾਸ ਅਰੋੜਾ ਹੈਪੀ,ਅਜੇ ਧੋਨੀ, ਰਿਸ਼ੀਪਾਲ ਸਿੰਘ,ਪਰਮਿੰਦਰ ਸਿੰਘ ਅਰੋੜਾ,ਐਡਵੋਕੇਟ ਪਰਵਿੰਦਰ ਸਿੰਘ ਬਤਰਾ, ਜਸਵਿੰਦਰ ਸਿੰਘ ਧਾਲੀਵਾਲ, ਭੂਪਿੰਦਰ ਸਿੰਘ,ਇੰਦਰਜੀਤ ਸਿੰਘ ਡਿੰਪਲ, ਮਨਜੀਤ ਸਿੰਘ ਅਰੋੜਾ, ਦਿਲਬਾਗ਼ ਸਿੰਘ, ਮਨਦੀਪ ਸਿੰਘ ਆਜ਼ਾਦ, ਗੁਰਵਿੰਦਰ ਸਿੰਘ ਲਵਲੀ,ਗਿਰਦੌਰ ਸਿੰਘ, ਜਸਵਿੰਦਰ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਰਾਹੁਲ ਡੁਲਗਚ ਕਾਂਗਰਸ ਕਮੇਟੀ ਦੇ ਐਸ ਸੀ ਡਿਪਾਰਟਮੈਂਟ ਲੁਧਿਆਣਾ ਸ਼ਹਿਰੀ ਦੇ ਚੇਅਰਮੈਨ ਬਣੇ



**ਲੁਧਿਆਣਾ/ਸੁਖਚੈਨ ਮਹਿਰਾ**

ਆਲ ਇੰਡੀਆ ਕਾਂਗਰਸ ਕਮੇਟੀ ਦੇ ਐਸ ਸੀ ਡਿਪਾਰਟਮੈਂਟ ਦੇ ਪੰਜਾਬ ਚੇਅਰਮੈਨ ਕੁਲਦੀਪ ਸਿੰਘ ਵੈਦ ਵਲੋਂ ਬੀਤੇ ਦਿਨੀਂ ਐਸ ਸੀ ਡਿਪਾਰਟਮੈਂਟ ਦੇ ਜਿਲ੍ਹਾ ਪ੍ਰਧਾਨ ਦੀ ਨਿਯੁਕਤੀ ਕੀਤੀ ਗਈ ਜਿਸ ਵਿਚ ਕਾਂਗਰਸ ਪਾਰਟੀ ਦੇ ਨੌਜਵਾਨ, ਮਿਹਨਤੀ ਅਤੇ ਅਣਥੱਕ ਆਗੂ ਰਾਹੁਲ ਡੁਲਗਚ ਨੂੰ ਲੁਧਿਆਣਾ ਸ਼ਹਿਰੀ ਦਾ ਚੇਅਰਮੈਨ ਨਿਯੁਕਤ ਕੀਤਾ। ਇਸ ਸੰਬੰਧੀ ਇਕ ਸਨਮਾਨ ਸਮਾਰੋਹ ਦਾ ਆਯੋਜਨ ਸਾਬਕਾ ਵਿਧਾਇਕ ਕੁਲਦੀਪ ਸਿੰਘ ਵੈਦ ਜੀ ਦੇ ਗ੍ਰਹਿ ਵਿਖੇ ਹੋਇਆ। ਇਸ ਦੌਰਾਨ ਕੁਲਦੀਪ ਸਿੰਘ ਵੈਦ ਵਲੋਂ ਜਿਥੇ ਨਵ ਨਿਯੁਕਤ ਐਸ ਸੀ ਡਿਪਰਾਟਮੈਂਟ ਦੇ ਲੁਧਿਆਣਾ ਸ਼ਹਿਰੀ ਦੇ ਚੇਅਰਮੈਨ ਰਾਹੁਲ ਡੁਲਗਚ ਨੂੰ ਜਿਥੇ ਮੁਬਾਰਕਬਾਦ ਦਿੱਤੀ ਉਥੇ ਹੀ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਕੁਲਦੀਪ ਸਿੰਘ ਵੈਦ ਨੇ ਕਿਹਾ ਕਿ ਬੀਤੇ ਦਿਨੀਂ ਉਨ੍ਹਾਂ ਵਲੋਂ ਐਸ ਸੀ ਡਿਪਰਾਟਮੈਂਟ ਦੇ ਜਿਲ੍ਹਾ ਪ੍ਰਧਾਨਾਂ ਦੀ ਨਿਯੁਕਤੀਆਂ ਕੀਤੀਆ ਗਈਆ ਸੀ ਜਿਸ ਵਿਚ ਨੌਜਵਾਨ ਤੇ ਮਿਹਨਤੀ ਆਗੂ ਰਾਹੁਲ ਡੁਲਗਚ ਨੂੰ ਲੁਧਿਆਣਾ ਦਾ ਚੇਅਰਮੈਨ ਨਿਯੁਕਤ ਕੀਤਾ ਹੈ ਜਿਸ ਨਾਲ ਕਿ ਕਾਂਗਰਸ ਪਾਰਟੀ ਨੂੰ ਬਹੁਤ ਵੱਡ ਬੱਲ ਮਿਲੇਗਾ। ਉਨ੍ਹਾਂ ਕਿਹਾ ਕਿ ਰਾਹੁਲ ਡੁਲਗਚ ਪਿਛਲੇ ਕਾਫ਼ੀ ਲੰਮੇ ਸਮੇਂ ਤੋਂ ਕਾਂਗਰਸ ਪਾਰਟੀ ਦੀ ਸੱਚੇ ਦਿਲ ਤੋਂ ਸੇਵਾ ਕਰ ਰਿਹਾ ਹੈ ਤੇ ਉਨ੍ਹਾਂ ਦੀ ਸੇਵਾ ਦਾ ਦੇ ਫ਼ਲਸਰੂਪ ਹੀ ਉਨ੍ਹ ਨੂੰ ਇਹ ਜਿੰਮੇਵਾਰੀ ਦਿੱਤੀ ਗਈ ਹੈ। ਇਸ ਮੌਕੇ ਰਾਹੁਲ ਡੁਲਗਚ ਨੇ ਸਭ ਤੋਂ ਕਾਂਗਰਸ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਤੇ ਐਸ ਸੀ ਡਿਪਰਾਟਮੈਂਟ ਦੇ ਪੰਜਾਬ ਚੇਅਰਮੈਨ ਕੁਲਦੀਪ ਵੈਦ ਜੀ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਮੈਨੂੰ ਇਹ ਜਿੰਮੇਵਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣੀ ਇਸ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਅਤੇ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਇਕ ਕਰ ਦੇਵਾਂਗਾ। ਉਨ੍ਹਾਂ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਐਸ ਸੀ ਸਮਾਜ ਦੀ ਸਥਿਤੀ ਬਹੁਤ ਹੀ ਚਿੰਤਾਜਨਕ ਹੈ ਤੇ ਆਪ ਸਰਕਾਰ ਦੀਆਂ ਸਾਰੀਆਂ ਮਾੜੀਆਂ ਨੀਤੀਆਂ ਨੂੰ ਲੋਕਾਂ ਸਾਹਮਣੇ ਲਿਆਦਾ ਜਾਵੇਗਾ ਤੇ ਬਹੁਤ ਹੀ ਵੱਡੀ ਗਿਣਤੀ ਵਿਚ ਐਸ ਸੀ ਭਾਈਚਾਰੇ ਨੂੰ ਕਾਂਗਰਸ ਪਾਰਟੀ ਨਾਲ ਜੋੜਿਆ ਜਾਵੇਗਾ। ਇਸ ਮੌਕੇ ਕੌਂਸਲਰ ਹਰਕਰਨਸਿੰਘ ਵੈਦ, ਰਜਿੰਦਰ ਰਾਣਾ, ਗੁਰਪ੍ਰੀਤ ਗੋਪੀ, ਵਿਵੇਕ ਸੂਦ, ਅਕਾਸ਼ ਤਿਵਾੜੀ, ਸੋਨੂੰ, , ਵਿੱਕੀ ਆਦਿ ਹਾਜ਼ਰ ਸਨ।

# ਖੰਡ ਮਿੱਲ ਬਿਜਲੀ ਪਲਾਂਟ ਤੋਂ ਨਿਕਲਣ ਵਾਲੀ ਸੁਆਹ ਦੇ ਨਿਪਟਾਰੇ ਲਈ 'ਵੈੱਟ ਸਕ੍ਰਬਰ' ਲਗਾਉਣ ਦਾ ਕੰਮ ਜ਼ੋਰਾਂ 'ਤੇ

## ਡੀ ਸੀ ਨੇ ਪਲਾਂਟ ਪ੍ਰਬੰਧਕਾਂ ਨੂੰ 28 ਫ਼ਰਵਰੀ ਤੱਕ ਸਮੱਸਿਆ ਦਾ ਸਥਾਈ ਹੱਲ ਕਰਨ ਦੀ ਦਿੱਤੀ ਹਦਾਇਤ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ ਵਿਖੇ ਨਿੱਜੀ ਖੇਤਰ 'ਚ ਲਗਾਏ ਗਏ 12 ਮੈਗਾਵਾਟ ਦੇ ਜੈਵਿਕ ਬਾਲਣ ਨਾਲ ਚੱਲਣ ਵਾਲੇ ਬਿਜਲੀ ਪਲਾਂਟ ਤੋਂ ਨਿਕਲਣ ਵਾਲੀ ਸੁਆਹ ਦੀ ਸਮੱਸਿਆ ਦਾ 28 ਫ਼ਰਵਰੀ ਤੱਕ ਸਥਾਈ ਹੱਲ ਕਰਨ ਲਈ ਜੰਗੀ ਪੱਧਰ 'ਤੇ ਕੰਮ ਚੱਲ ਰਿਹਾ ਹੈ।ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਮਿੱਲ ਵਿੱਚ 'ਵੈੱਟ ਸਕ੍ਰਬਰ' ਪੁੱਜਣ ਬਾਅਦ ਇਸ ਦੀ ਸਥਾਪਤੀ ਲਈ ਚੱਲ ਰਹੇ ਕੰਮ ਦਾ ਜਾਇਜ਼ਾ ਲੈਣ ਬਾਅਦ ਕੀਤਾ। ਉਨ੍ਹਾਂ ਕਿਹਾ ਕਿ ਬਿਜਲੀ ਪਲਾਂਟ ਦੇ ਪ੍ਰਬੰਧਕਾਂ ਵੱਲੋਂ 27 ਅਤੇ 28 ਫ਼ਰਵਰੀ ਦੀ ਖੰਡ ਮਿੱਲ ਦੀ ਬੰਦੀ ਮੰਗੀ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋ ਦਿਨਾਂ ਦੌਰਾਨ 'ਵੈੱਟ ਸਕ੍ਰਬਰ' ਦੀ ਸਥਾਪਤੀ ਨੂੰ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬਿਜਲੀ ਪਲਾਂਟ ਪ੍ਰਬੰਧਕਾਂ ਨੂੰ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਪਲਾਂਟ ਤੋਂ ਨਿਕਲਦੀ ਸੁਆਹ ਦੀ ਸਮੱਸਿਆ ਨੂੰ ਮੁਕੰਮਲ ਤੌਰ 'ਤੇ ਖਤਮ ਕੀਤਾ ਜਾਵੇ ਤਾਂ ਜੋ ਕਿ ਸ਼ਹਿਰ ਦੇ ਲੋਕਾਂ ਲਈ ਜੀਅ ਦਾ ਜੰਜਾਲ ਬਣੀ ਹੋਈ ਹੈ ਉਨ੍ਹਾਂ ਦੱਸਿਆ ਕਿ ਇਸ ਯੰਤਰ ਦੇ ਆਉਣ ਵਿੱਚ ਹੋਈ ਦੇਰੀ ਕਾਰਨ ਹੀ ਕੰਮ



ਇੱਕ ਹਫ਼ਤਾ ਹੋਰ ਲਟਕ ਗਿਆ ਹੈ। ਉਨ੍ਹਾਂ ਕਿਹਾ ਕਿ ਪਲਾਂਟ ਪ੍ਰਬੰਧਕਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਸੁਆਹ ਦੇ ਨਿਕਾਸ ਨੂੰ ਰੋਕਣ ਲਈ 'ਵੈੱਟ ਸਕ੍ਰਬਰ' ਦੀ ਫਿਟਿੰਗ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਜ਼ਿਲ੍ਹਾ ਵਾਸੀਆਂ ਨੂੰ ਦਰਪੇਸ਼ ਸੁਆਹ ਦੀ ਸਮੱਸਿਆ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਲਈ ਵਚਨਬੱਧ ਹੈ, ਇਸ ਲਈ ਸੁਆਹ ਦੇ ਸਥਾਈ ਹੱਲ ਲਈ 'ਵੈੱਟ ਸਕਰਬਰ' ਲਗਾ ਕੇ ਵੀ ਲਗਾਤਾਰ ਨਿਗਰਾਨੀ ਰੱਖੀ ਜਾਵੇਗੀ।ਸਹਿਕਾਰੀ ਖੰਡ ਮਿੱਲ ਦੇ ਜਨਰਲ ਮੈਨੇਜਰ ਸੁਰਿੰਦਰ ਪਾਲ ਅਨੁਸਾਰ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਇਸ ਤੋਂ ਪਹਿਲਾਂ 15 ਅਤੇ 16 ਫਰਵਰੀ ਦੇ ਲਗਾਤਾਰ ਦੌਰੇ ਤੋਂ ਬਾਅਦ 'ਵੈੱਟ ਸਕ੍ਰਬਰ' ਲਗਾਉਣ ਦੀ ਤੇਜ਼ ਹੋਈ ਪ੍ਰਕਿਰਿਆ ਅਗਲੇ ਦਿਨਾਂ 'ਚ ਆਪਣੇ ਅੰਜਾਮ 'ਤੇ ਪੁੱਜ ਜਾਵੇਗੀ। ਉਨ੍ਹਾਂ ਕਿਹਾ ਕਿ ਪਲਾਂਟ ਪ੍ਰਬੰਧਕਾਂ ਵੱਲੋਂ 27 ਅਤੇ 28 ਦੋ ਦਿਨ ਮਿੱਲ ਦੀ ਪਿੜਾਈ ਪ੍ਰਕਿਰਿਆ ਬੰਦ ਰੱਖਣ ਦੀ ਬੇਨਤੀ ਕੀਤੀ ਗਈ ਹੈ, ਜਿਸ ਨੂੰ ਸ਼ਹਿਰ ਵਾਸੀਆਂ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦਿਆਂ ਪ੍ਰਵਾਨ ਕਰ ਲਿਆ ਗਿਆ ਹੈ

# ਟੀਬੀ ਰੋਗੀਆਂ ਦੀ ਕਮਿਊਨਿਟੀ ਦੇ ਸਮਰਥਨ ਨਾਲ ਇਸ ਬਿਮਾਰੀ ਤੋਂ ਤੇਜ਼ੀ ਨਾਲ ਉਭਰਨ ਵਿੱਚ ਕੀਤੀ ਜਾਵੇਗੀ ਸਹਾਇਤਾ : ਸਿਵਲ ਸਰਜਨ ਡਾ. ਦਵਿੰਦਰ ਢਾਂਡਾ

## ਸਾਲ 2025 ਤੱਕ ਭਾਰਤ ਨੂੰ ਟੀ.ਬੀ. ਮੁਕਤ ਕਰਨ ਦਾ ਟੀਚਾ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਦੇਸ਼ ਵਿਚੋਂ ਸਾਲ 2025 ਤੱਕ ਟੀਬੀ ਦੀ ਬਿਮਾਰੀ ਨੂੰ ਖਤਮ ਕਰਨ ਦੇ ਉਦੇਸ਼ ਨਾਲ ਪ੍ਰਧਾਨ ਮੰਤਰੀ ਟੀਬੀ ਮੁਕਤ ਅਭਿਆਨ ਤਹਿਤ ਜ਼ਿਲ੍ਹੇ ਦੇ ਸਿਹਤ ਅਧਿਕਾਰੀਆਂ ਵੱਲੋਂ ਗੈਰ-ਸਰਕਾਰੀ ਸੰਸਥਾਵਾਂ ਦੇ ਸਹਿਯੋਗ ਨਾਲ ਲੋੜਵੰਦ ਟੀਬੀ ਰੋਗੀਆਂ ਨੂੰ ਇਸ ਬਿਮਾਰੀ ਤੋਂ ਉੱਭਰਨ ਲਈ ਆਪਣਾ ਬਣਦਾ ਯੋਗਦਾਨ ਪਾਇਆ ਜਾ ਰਿਹਾ ਹੈ। ਡਾਕਟਰ ਨਿਰਮਲ ਕੁਮਾਰ ਟੀਵੀ ਇੰਚਾਰਜ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੱਸਿਆ ਵਿਖੇ ਅੰਬੇਦਕਰ ਮਿਸ਼ਨ ਟਰੱਸਟ, ਗੜ੍ਹਸ਼ੰਕਰ ਨੇ ਜ਼ਿਲ੍ਹੇ ਦੇ ਤਿੰਨ ਮਰੀਜ਼ਾਂ, ਜਨਰਲ ਸਰਜਨ ਡਾ. ਸਤਵਿੰਦਰਪਾਲ ਸਿੰਘ ਬਿੱਟੂ, ਡਾ. ਹਰਿਤੇਸ਼ ਪਾਹਵਾ ਤੇ ਡਾ. ਹਰਦੀਪ ਸਿੰਘ ਨੇ ਇਕ-ਇਕ ਟੀਬੀ ਮਰੀਜ਼ ਨੂੰ ਇਸ ਬਿਮਾਰੀ ਤੋਂ ਉੱਭਰਨ ਵਿਚ ਮਦਦ ਕਰਨ ਲਈ ਗੋਦ ਲਿਆ ਹੈ। ਸਿਵਲ ਸਰਜਨ ਡਾ. ਦਵਿੰਦਰ ਢਾਂਡਾ ਨੇ ਅੱਜ ਜ਼ਿਲ੍ਹਾ ਹਸਪਤਾਲ, ਨਵਾਂਸਹਿਰ ਵਿਖੇ ਪ੍ਰਤੀ ਮਰੀਜ਼ ਨੂੰ ਇਕ-ਇਕ ਹਜ਼ਾਰ ਰੁਪਏ ਦੀ ਡਾਈਟ ਕਿੱਟ ਪ੍ਰਦਾਨ ਕੀਤੀ, ਜਿਸ ਵਿਚ 10 ਕਿਲੋਗ੍ਰਾਮ ਆਟਾ, ਤਿੰਨ ਕਿਲੋਗ੍ਰਾਮ ਦਾਲਾਂ, ਪੰਜ ਕਿਲੋਗ੍ਰਾਮ ਚੌਲ, ਹਲਦੀ, ਨਿਊਟਰੀ, ਸਰੋਂ ਦਾ ਤੇਲ ਸ਼ਾਮਲ ਸੀ।ਇਸ ਮੌਕੇ ਸਿਵਲ ਸਰਜਨ ਡਾ. ਦਵਿੰਦਰ ਢਾਂਡਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤ ਸਰਕਾਰ ਨੇ ਸਾਲ 2025 ਤੱਕ ਦੇਸ਼ ਨੂੰ ਟੀ.ਬੀ. ਮੁਕਤ ਕਰਨ ਦਾ ਟੀਚਾ ਮਿਥਿਆ ਹੈ। 'ਪ੍ਰਧਾਨ ਮੰਤਰੀ ਟੀਬੀ ਮੁਕਤ ਅਭਿਆਨ' ਤਹਿਤ ਟੀਬੀ ਦੇ ਮਰੀਜ਼ਾਂ ਨੂੰ ਕਮਿਊਨਿਟੀ ਦੀ ਸਹਾਇਤਾ ਮੁਹੱਈਆ ਕਰਵਾ ਕੇ ਇਸ ਬਿਮਾਰੀ ਤੋਂ ਤੇਜ਼ੀ ਨਾਲ ਉੱਭਰਨ ਵਿੱਚ ਉਨ੍ਹਾਂ ਦੀ ਸਹਾਇਤਾ




ਕੀਤੀ ਜਾ ਸਕਦੀ ਹੈ ਜਿਵੇਂ ਕਿ ਪੋਸ਼ਣ ਸਬੰਧੀ ਸਹਾਇਤਾ, ਵੋਕੇਸ਼ਨਲ ਸਹਾਇਤਾ, ਦਵਾਈਆਂ ਦੀ ਸਹਾਇਤਾ, ਟੈਸਟਾਂ ਦੀ ਸਹਾਇਤਾ ਆਦਿ। ਉਨ੍ਹਾਂ ਨੇ ਦੱਸਿਆ ਕਿ ਕਿਸੇ ਵਿਅਕਤੀ, ਕਿਸੇ ਚੁਣੇ ਹੋਏ ਪ੍ਰਤੀਨਿਧੀ ਜਾਂ ਕਿਸੇ ਗੈਰ-ਸਰਕਾਰੀ ਸੰਸਥਾ ਵੱਲੋਂ ਕਿਸੇ ਵੀ ਲੋੜਵੰਦ ਟੀਬੀ ਮਰੀਜ਼ ਨੂੰ ਗੋਦ ਲਿਆ ਜਾ ਸਕਦਾ ਹੈ। ਟੀ.ਬੀ. ਦੇ ਮਰੀਜ਼ਾਂ ਨੂੰ ਕਮਿਊਨਿਟੀ ਵੱਲੋਂ ਘੱਟੋ ਘੱਟ ਛੇ ਮਹੀਨੇ ਲਈ ਅਪਣਾਉਣਾ ਲਾਜ਼ਮੀ ਹੋਵੇਗਾ। ਟੀਬੀ ਮਰੀਜ਼ਾਂ ਦੀ ਸਹਾਇਤਾ ਲਈ ਅੱਗੇ ਆਉਣ ਵਾਲੇ ਵਿਅਕਤੀ ਜਾਂ ਸੰਸਥਾ ਨੂੰ ਨਿਕਸ਼ੇ ਮਿੱਤਰ ਕਿਹਾ ਜਾਵੇਗਾ। ਡਾਕਟਰ ਨਿਰਮਲ ਕੁਮਾਰ ਟੀਵੀ ਇੰਚਾਰਜ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਟੀਬੀ ਦੇ ਮਰੀਜ਼ਾਂ ਨੂੰ ਨਿਕਸ਼ੇ ਮਿੱਤਰ ਬਣ ਉਨ੍ਹਾਂ ਟੀਬੀ ਦੇ ਰੋਗੀਆਂ ਦੀ ਸਹਾਇਤਾ ਲਈ ਹਰ ਵਿਅਕਤੀ, ਹਰ ਸੰਸਥਾ, ਸਿਵਲ ਸੁਸਾਇਟੀ ਨਾਲ ਜੁੜੇ ਪ੍ਰਤੀਨਿਧੀਆਂ ਨੂੰ ਇਹ ਪ੍ਰਣ ਲੈਣ ਦੀ ਬੇਨਤੀ ਕੀਤੀ ਅਤੇ ਕਿਹਾ ਕਿ ਉਹ ਟੀਬੀ ਮੁਕਤ ਭਾਰਤ ਬਣਾਉਣ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਉਣ।ਉਨ੍ਹਾਂ ਇਹ ਵੀ ਦੱਸਿਆ ਕਿ ਭਾਰਤ ਵਿਚ ਅੰਦਾਜ਼ਨ 26 ਲੱਖ ਤੋਂ ਵੱਧ ਟੀਬੀ ਦੇ ਸਰਗਰਮ ਮਰੀਜ਼ ਹਨ, ਜਿਨ੍ਹਾਂ ਵਿਚੋਂ ਹਰ ਸਾਲ ਪੰਜ ਲੱਖ ਟੀਬੀ ਰੋਗੀਆਂ ਦੀ ਮੌਤ ਹੋ ਜਾਂਦੀ ਹੈ। ਤਪਦਿਕ (ਟੀਬੀ) ਛੂਤ ਦੀ ਬਿਮਾਰੀ ਹੈ ਜੋ ਖੰਘਣ, ਛਿੱਕਣ ਤੇ ਹਵਾ ਰਾਹੀਂ ਇਕ ਤੋਂ ਦੂਜੇ ਵਿਅਕਤੀ ਵਿਚ ਬੜੀ ਤੇਜ਼ੀ ਨਾਲੀ ਫੈਲਦੀ ਹੈ। ਜੇ ਦੋ ਹਫਤਿਆਂ ਤੋਂ ਜ਼ਿਆਦਾ ਲੰਮੀ ਖੰਘ ਹੈ ਤਾਂ ਜਾਂਚ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਟੀਬੀ ਲਾਇਲਾਜ ਨਹੀਂ ਹੈ। ਮਰੀਜ਼ਾਂ ਨੂੰ ਟੀਬੀ ਦਾ ਇਲਾਜ ਪੂਰਾ ਕਰਨਾ ਚਾਹੀਦਾ ਹੈ, ਨਹੀਂ ਤਾਂ ਇਹ ਭਿਆਨਕ ਰੂਪ ਧਾਰਨ ਕਰ ਲੈਂਦੀ ਹੈ। ਉਨ੍ਹਾਂ ਕਿਹਾ ਕਿ ਟੀਬੀ ਵਿਰੁੱਧ ਲੜਾਈ ਵਿਚ ਸਭ ਤੋਂ ਵੱਡੀ ਰੁਕਾਵਟ ਸਮਾਜਿਕ ਭੇਦਭਾਵ ਬਣੀ ਹੋਈ ਹੈ, ਜਿਸ ਕਾਰਨ ਮਰੀਜ਼ ਆਪਣੀ ਬਿਮਾਰੀ ਛੁਪਾਉਣ ਦੇ ਨਾਲ-ਨਾਲ ਦਵਾਈ ਖਾਣ ਤੋਂ ਪ੍ਰਹੇਜ ਕਰਦੇ ਹਨ। ਇਸ ਮੌਕੇ ਰਵੀ ਕੁਮਾਰ, ਸਰਸ ,ਮੋਨਿਕਾ,ਅਰੁਨ ਕੁਮਾਰ,ਗੁਰਪਰੀਤ ਸਿੰਘ,ਵਿਕਾਸ ਅਗਰਵਾਲ ਹਾਜ਼ਰ ਸਨ

## ਵਰੇਗੰਢ ਮੁਬਾਰਕ



ਦਵਿੰਦਰ ਸਿੰਘ ਅਤੇ ਵੀਰਪਾਲ ਕੌਰ ਨੂੰ ਵਿਆਹ ਦੀ ਵਰੇਗੰਢ ਦੀਆਂ ਬਹੁਤ-ਬਹੁਤ ਮੁਬਾਰਕਾਂ

## ਜਨਮਦਿਨ ਮੁਬਾਰਕ



ਹਰਪ੍ਰੀਤ ਕੌਰ ਪਿਤਾ ਸੁਖਬੀਰ ਸਿੰਘ ਪਿੰਡ ਬਹਾਦਰ ਕੇ ਲੁਧਿਆਣਾ ਰੋਜਾਨਾ ਲੋਕ ਬਾਣੀ ਟੀਮ ਵੱਲੋਂ ਜਨਮ ਦਿਨ ਦੀ ਲੱਖ ਲੱਖ ਵਧਾਈ



ਸਾਰੰਗ ਮੀਤ ਸਿੰਘ

# ਸ਼੍ਰੀਮਤੀ ਜਨਕ ਜੈਨ ਅਤੇ ਸ਼੍ਰੀ ਤ੍ਰਿਲੋਕਚੰਦ ਜੈਨ ਦੇ ਵਿਆਹ ਦੀ ਵਰ੍ਹੇਗੰਢ ਮੌਕੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ ਗਿਆ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**
ਸ਼੍ਰੀ ਵਰਧਮਾਨ ਜੈਨ ਸੇਵਾ ਸੰਘ ਵੱਲੋਂ ਸਥਾਨਕ ਰੇਲਵੇ ਰੋਡ 'ਤੇ ਸਥਿਤ ਜੈਨ ਉਪਾਸਰਾ ਵਿਖੇ ਹਰ ਮਹੀਨੇ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਨੂੰ ਅੱਗੇ ਵਧਾਉਂਦੇ ਹੋਏ ਲੋੜਵੰਦਾਂ ਨੂੰ ਰਾਸ਼ਨ ਵੰਡਿਆ ਗਿਆ। ਜੈਨ ਸੇਵਾ ਸੰਘ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਅੱਜ ਸ਼੍ਰੀਮਤੀ ਜਨਕ ਜੈਨ ਅਤੇ ਸ਼੍ਰੀ ਤ੍ਰਿਲੋਕ ਚੰਦ ਜੈਨ ਵਾਸੀ ਕੈਨੇਡਾ ਦੀ 57ਵੀ ਵਿਆਹ ਦੀ ਵਰ੍ਹੇਗੰਢ ਮੌਕੇ ਸ਼੍ਰੀ ਤ੍ਰਿਲੋਕ ਚੰਦ ਰਾਜੇਸ਼ ਕੁਮਾਰ ਜੈਨ ਦੇ ਸਹਿਯੋਗ ਨਾਲ ਰਾਸ਼ਨ ਦੀ ਵੰਡ ਕੀਤੀ ਗਈ। ਇਸ ਮੌਕੇ ਪਹਿਲੇ ਮੁੱਖ ਮਹਿਮਾਨ ਤ੍ਰਿਲੋਕ ਚੰਦ ਜੈਨ, ਜਨਕ ਜੈਨ, ਰਾਜੇਸ਼ ਜੈਨ, ਰੋਮੀ ਜੈਨ, ਕਾਮਨੀ ਜੈਨ, ਸੁਸ਼ੀਲ ਕੁਮਾਰ ਜੈਨ ਨੂੰ ਸ਼੍ਰੀ ਵਰਧਮਾਨ ਜੈਨ ਸੇਵਾ ਸੰਘ ਦੇ ਕੋਆਰਡੀਨੇਟਰ ਸੁਰਿੰਦਰ ਜੈਨ, ਪ੍ਰਧਾਨ ਮਨੀਸ਼ ਜੈਨ, ਜਨਰਲ ਸਕੱਤਰ ਰਤਨ ਕੁਮਾਰ ਜੈਨ, ਖਜ਼ਾਨਚੀ ਅਚਲ. ਜੈਨ, ਕੰਪਨੀ ਦੇ ਖਜ਼ਾਨਚੀ ਰਾਕੇਸ਼ ਜੈਨ ਬੱਬੀ ਅਤੇ ਹੋਰ ਮੈਂਬਰਾਂ ਨੇ ਹਾਰ ਪਾ ਕੇ ਅਤੇ ਸਿਰੋਪਾਓ ਪਾ ਕੇ ਸਵਾਗਤ ਕੀਤਾ! ਇਸ ਮੌਕੇ ਮੁੱਖ ਮਹਿਮਾਨ ਤ੍ਰਿਲੋਕ ਚੰਦ ਜੈਨ ਨੇ ਕਿਹਾ ਕਿ ਸਮਾਜ ਦੇ ਕਿਸੇ ਵੀ ਲੋੜਵੰਦ ਵਿਅਕਤੀ ਦੀ ਮਦਦ ਕਰਨਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਸਾਨੂੰ ਗਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਸ਼੍ਰੀ ਵਰਧਮਾਨ ਜੈਨ ਸੇਵਾ ਸੰਘ ਵੱਲੋਂ ਲੋੜਵੰਦਾਂ ਦੀ ਕੀਤੀ ਜਾ ਰਹੀ ਸੇਵਾ ਦੀ ਸ਼ਲਾਘਾ ਕੀਤੀ ਅਤੇ ਇਸ ਪੁੰਨ ਕਾਰਜ ਵਿੱਚ ਸਾਰਿਆਂ ਨੂੰ ਸਹਿਯੋਗ ਦੇਣ ਲਈ ਪ੍ਰੇਰਿਆ। ਸ੍ਰੀ ਵਰਧਮਾਨ ਜੈਨ ਸੇਵਾ ਸੰਘ ਦੇ ਪ੍ਰਧਾਨ ਮੁਨੀਸ਼ ਜੈਨ ਅਤੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਅੱਜ 119ਵੇਂ ਰਾਸ਼ਨ ਵੰਡ ਸਮਾਗਮ ਦੌਰਾਨ 20 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੰਸਥਾ ਖੁਦ ਹਮੇਸ਼ਾ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀ ਚੋਣ ਕਰਦੀ ਹੈ। ਉਨ੍ਹਾਂ ਦੀ ਸੰਸਥਾ ਇਲਾਕੇ ਦੇ ਹਰ ਵਰਗ ਦੇ ਲੋਕਾਂ ਦੀ ਸੇਵਾ ਲਈ ਵਚਨਬੱਧ ਹੈ। ਇਸ ਮੌਕੇ ਸ੍ਰੀ ਵਰਧਮਾਨ ਜੈਨ ਸੇਵਾ ਸੰਘ ਦੇ ਅਹੁਦੇਦਾਰਾਂ ਵਿੱਚ ਪ੍ਰਿੰਸੀਪਲ ਮੁਨੀਸ਼ ਜੈਨ, ਜਨਰਲ ਸਕੱਤਰ ਰਤਨ ਕੁਮਾਰ ਜੈਨ, ਸੁਰਿੰਦਰ ਜੈਨ, ਅਚਲ ਜੈਨ, ਘਨਸ਼ਿਆਮ ਜੈਨ, ਸੰਦੀਪ ਜੈਨ ਕਾਲਾ, ਦਰਸ਼ਨ ਜੈਨ ਆਦਿ ਹਾਜ਼ਰ ਸਨ।

# ਪਿੰਡ ਕਮਾਲ ਵਿੱਚ ਖਿਡਾਰੀਆਂ ਨੂੰ ਭੇਂਟ ਕੀਤੀ ਕ੍ਰਿਕਟ ਕਿੱਟ

**ਬੜਾਗੁੜਾ/ਕਾਲਾਂਵਾਲੀ (ਪਵਨਸ਼ਰਮਾ**
ਇਲਾਕੇ ਦੇ ਪਿੰਡ ਕਮਾਲ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਪ੍ਰਤੀ ਰੁਚੀ ਵਧਾਉਣ ਦੇ ਮੰਤਵ ਨਾਲ ਮਾਸਟਰ ਜਗਤਾਰ ਸਿੰਘ (ਕੈਨੇਡਾ) ਵੱਲੋਂ ਖਿਡਾਰੀਆਂ ਨੂੰ ਕ੍ਰਿਕਟ ਕਿੱਟਾਂ ਭੇਂਟ ਕੀਤੀਆਂ ਗਈਆਂ। ਤਾਂ ਜੋ ਨੌਜਵਾਨ ਨਸ਼ਿਆਂ ਆਦਿ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਰੁਚੀ ਲੈ ਸਕਣ। ਇਸ ਮੌਕੇ ਯੂਥ ਕਲੱਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ, ਕੈਪਟਨ ਬੱਗੀ, ਸੇਵਕ ਸਿੰਘ, ਕਾਲਾ ਸਿੰਘ, ਅਰਵਿੰਦਰ, ਸੰਦੀਪ, ਮਨਦੀਪ, ਗੱਗੂ, ਕੁਲਦੀਪ, ਗਿੰਨੀ, ਬਿੰਦਰ, ਸਤਪਾਲ, ਗੱਗੂ, ਪਿੰਦਰ, ਨਿੱਕੂ, ਮੀਤਾ ਅਤੇ ਸਮੁੱਚੀ ਕ੍ਰਿਕਟ ਟੀਮ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਮਾਸਟਰ ਜਗਤਾਰ ਸਿੰਘ ਦਾ ਧੰਨਵਾਦ ਕੀਤਾ।



# ਪਿੰਡ ਰਘੂਆਣਾ ਵਿੱਚ ਆਤਮਾ ਸਕੀਮ ਤਹਿਤ ਕਿਸਾਨ ਗੋਸ਼ਟੀ ਕਰਵਾਈ ਗਈ

**ਬੱਡਾਗੁੜਾ/ ਕਾਲਾਂਵਾਲੀ/ ਪਵਨਸ਼ਰਮਾ**
23 ਫਰਵਰੀ 2023 ਨੂੰ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਸਿਰਸਾ ਅਤੇ ਡਿਪਟੀ ਡਾਇਰੈਕਟਰ ਖੇਤੀਬਾੜੀ ਵਿਭਾਗ ਸਿਰਸਾ ਦੀ ਅਗਵਾਈ ਹੇਠ ਸਰਕਾਰੀ ਪਸ਼ੂ ਹਸਪਤਾਲ ਬਡਾਗੁੜਾ ਵਲੋਂ ਆਤਮਾ ਸਕੀਮ ਤਹਿਤ ਪਿੰਡ ਰਘੂਆਣਾ ਵਿਖੇ ਕਿਸਾਨ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਅਨੇਕਾਂ ਪਸ਼ੂ ਪਾਲਕਾਂ ਨੇ ਭਾਗ ਲਿਆ। ਹਾਜ਼ਰ ਪਸ਼ੂ ਪਾਲਕਾਂ ਨੂੰ ਪਸ਼ੂ ਪਾਲਣ ਨਾਲ ਸਬੰਧਤ ਵਿਗਿਆਨਕ ਤਰੀਕਿਆਂ ਬਾਰੇ ਜਾਣੂ ਕਰਵਾਇਆ ਗਿਆ। ਡਾ: ਨਰਿੰਦਰ ਸਿੰਘ ਸੇਵਾਮੁਕਤ ਉਪ ਮੰਡਲ ਅਫ਼ਸਰ ਪਸ਼ੂ ਪਾਲਣ ਵਿਭਾਗ ਨੇ ਪਸ਼ੂ ਪਾਲਕਾਂ ਨੂੰ ਸੰਤੁਲਿਤ ਪਸ਼ੂ ਪੋਸ਼ਣ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਕ ਕਿਵੇਂ ਆਧੁਨਿਕ ਅਤੇ ਵਿਗਿਆਨਕ ਤਰੀਕਿਆਂ ਨਾਲ ਡੇਅਰੀ ਦੇ ਧੰਦੇ ਨੂੰ ਲਾਹੇਵੰਦ ਸੌਦਾ ਬਣਾ ਸਕਦੇ ਹਨ। ਉਨ੍ਹਾਂ ਪਸ਼ੂਆਂ ਦੀ ਸਾਂਭ-ਸੰਭਾਲ, ਉਨ੍ਹਾਂ ਵਿੱਚ ਹੋਣ ਵਾਲੀਆਂ ਮੁੱਖ ਬਿਮਾਰੀਆਂ ਦੇ ਲੱਛਣਾਂ ਅਤੇ ਰੋਕਥਾਮ ਲਈ ਅਪਣਾਏ ਜਾਣ ਵਾਲੇ ਉਪਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਡਾ: ਜਗਦੀਸ਼ ਚੰਦਰ ਪਸ਼ੂ ਚਿਕਿਤਸਕ , ਸਰਕਾਰੀ ਪਸ਼ੂ ਹਸਪਤਾਲ ਬਡਾਗੁੜਾ ਨੇ ਹਾਜ਼ਰ ਪਸ਼ੂ ਪਾਲਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵਿਭਾਗੀ ਸਕੀਮਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਪਸ਼ੂਆਂ ਨੂੰ ਛੂਤ ਦੀਆਂ ਬਿਮਾਰੀਆਂ ਤੋਂ ਬਚਾਉਣ ਲਈ ਸਮੇਂ-ਸਮੇਂ 'ਤੇ ਟੀਕਾਕਰਨ ਕਰਵਾਉਣ ਦਾ ਸੱਦਾ ਦਿੱਤਾ। ਕਿਸਾਨ ਗੋਸ਼ਟੀ ਨੂੰ ਡਾ: ਸੰਦੀਪ ਕੰਬੋਜ ਪਸ਼ੂ ਚਿਕਿਤਸਕ ਲੱਕੜਾਂਵਾਲੀ ਨੇ ਵੀ ਸੰਬੋਧਨ ਕੀਤਾ। ਕਿਸਾਨ ਗੋਸ਼ਠੀ ਵਿੱਚ ਵੀ.ਐਲ.ਡੀ.ਏ ਅਸ਼ੋਕ ਕੁਮਾਰ, ਅਨਿਲ ਕੁਮਾਰ, ਅਰੁਣ ਅਤੇ ਪਸ਼ੂ ਸੇਵਾਦਾਰ ਪਵਨ, ਅਨਿਲ ਅਤੇ ਰਾਜਕੁਮਾਰ ਨੇ ਵੀ ਸ਼ਮੂਲੀਅਤ ਕੀਤੀ।

# ਐਨ.ਸੀ.ਪੀ.ਆਰ. ਦੇ ਨਿਰਦੇਸ਼ਾਂ ਤਹਿਤ ਨਸ਼ੀਲੇ ਪਦਾਰਥਾਂ ਦੀ ਰੋਕਥਾਮ ਲਈ ਵੱਖ-ਵੱਖ ਸਕੂਲਾਂ ਦੇ ਖੰਘਾਲੇ ਕੈਮਰੇ

**ਲੁਧਿਆਣਾ/ਸੁਖਚੈਨ ਮਹਿਰਾ**
ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਰਾਸ਼ਟਰੀ ਕਮਿਸ਼ਨ (ਐਨ.ਸੀ.ਪੀ.ਸੀ.ਆਰ. National Commission for Protection of Child Rights) ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਡਰੱਗ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀ ਰੋਕਥਾਮ ਸਬੰਧੀ ਕਾਰਵਾਈ ਕਰਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸ਼ ?ਰੀਮਤੀ ਰਸ਼ਮੀ ਅਤੇ ਬਾਲ ਸੁਰਿੱਖਆ ਅਫਸਰ ਸ਼ ?ਰੀ ਮੁਬੀਨ ਕੁਰੈਸ਼ੀ ਵੱਲੋ ਜ਼ਿਲ੍ਹਾ ਲੁਧਿਆਣਾ ਵਿੱਚ ਚੱਲ ਰਹੇ ਸੀ.ਬੀ.ਐਸ.ਈ., ਆਈ.ਸੀ.ਐਸ.ਈ. ਅਤੇ ਪੀ.ਐਸ.ਈ.ਬੀ. ਬੋਰਡ (CBSE, ICSE and PSEB Boards) ਦੇ ਵੱਖ-ਵੱਖ



ਸਕੂਲਾਂ ਦੇ ਕੈਮਰੇ ਚੈਕ ਕੀਤੇ ਗਏ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਸਕੂਲਾਂ ਦੀ ਚੈਕਿੰਗ ਦੌਰਾਨ ਇਹ ਯਕੀਨੀ ਬਣਾਇਆ ਗਿਆ ਕਿ ਕਿਸੇ ਵੀ ਸਕੂਲ ਦੇ ਕਿਸੇ ਵੀ ਬੱਚੇ ਵੱਲੋ ਕੋਈ ਵੀ ਡਰੱਗ ਦੀ ਵਰਤੋਂ ਨਹੀਂ ਕੀਤੀ ਜਾਂਦੀ ਅਤੇ ਭਵਿੱਖ ਵਿੱਚ ਵੀ ਸਮੇਂ-ਸਮੇਂ 'ਤੇ ਸਕੂਲਾਂ ਦੇ ਕੈਮਰੇ ਚੈਕ ਕੀਤੇ ਜਾਣਗੇ।

# ਕਠੂਆ ਦਾ ਪਾਰਸ਼ ਮਹਿਤਾ ਦੀਨਾਨਗਰ ਤੋਂ ਹੈਲੀਕਾਪਟਰ ਰਾਹੀਂ ਉੜਾ ਕੇ ਲੈ ਗਿਆ ਆਪਣੀ ਦੁਲਹਨ ਨੂੰ





**ਦੀਨਾਨਗਰ/ਡਾ.ਰਮੇਸ਼ ਸਰੰਗਲ**

ਦੀਨਾਨਗਰ ਦੇ ਮੁਗਰਾਲਾ ਬਾਈਪਾਸ ਤੇ ਬਣੇ ਮਸ਼ਹੂਰ ਪੈਲੇਸ ਤਾਜ ਹੈਰੀਟੇਜ ਚ ਅੱਜ ਉਸ ਵੇਲੇ ਖੁਸ਼ੀ ਵਾਲਾ ਨਜਾਰਾ ਦੇਖਣ ਨੂੰ ਮਿਲਿਆ ਜਦੋਂ ਨਵੀਂ ਵਿਆਹੀ ਜੋੜੀ ਨੂੰ ਲੈਣ ਇੱਕ ਹੈਲੀਕਾਪਟਰ ਪਹੁੰਚ ਗਿਆ। ਤੁਹਾਨੂੰ ਦੱਸ ਦੇਈਏ ਕਿ ਇਹ ਦੁਲਹਾ ਕਠੂਆ ਦੇ ਪਿੰਡ ਫਲੋਟ ਤੋਂ ਆਪਣੀ ਦੁਲਹਨ ਨੂੰ ਵਿਆਹੁਣ ਲਈ ਦੀਨਾਨਗਰ ਦੇ ਤਾਜ ਹੈਰੀਟੇਜ ਵਿੱਚ ਆਇਆ ਹੋਇਆ ਸੀ ਜਦੋਂ ਹੀ ਡੋਲੀ ਨੂੰ ਵਿਦਾ ਕਰਨ ਲੱਗੇ ਤਾਂ ਦੁਲਹਾ ਅਤੇ ਦੁਲਹਨ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਰਿਹਾ ਜਦੋਂ ਨਵੀਂ ਜੋੜੀ ਨੂੰ ਲੈਣ ਵਾਸਤੇ ਹੈਲੀਕਾਪਟਰ ਪਹੁੰਚ ਗਿਆ। ਹੈਲੀਕਾਪਟਰ ਨੂੰ ਦੇਖ ਦੁਲਹਾ ਅਤੇ ਦੁਲਹਨ ਤੋਂ ਇਲਾਵਾ ਪਰਿਵਾਰਕ ਮੈਂਬਰਾਂ ਨੇ ਖੂਬ ਜਸ਼ਨ ਮਨਾਇਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੁਲਹਾ ਪਾਰਸ਼ ਮਹਿਤਾ ਪੁੱਤਰ ਕੁਲਭੂਸ਼ਣ ਮਹਿਤਾ ਜੋ ਕਿ ਕਠੂਆ ਦੇ ਪਿੰਡ ਫਲੋਟ ਦੇ ਰਹਿਣ ਵਾਲੇ ਸਨ ਅਤੇ ਦੁਲਹਨ ਸਮਾਇਲੀ ਵਾਸੀ ਬਮਿਆਲ ਨੂੰ ਵਿਆਹੁਣ ਲਈ ਆਏ ਹੋਏ ਸਨ। ਉਨਾਂ ਨੇ ਦੱਸਿਆ ਕਿ ਜਿੰਦਗੀ ਚ ਵਿਆਹ ਇੱਕੋ ਹੀ ਵਾਰ ਹੁੰਦਾ ਹੈ ਇਸ ਲਈ ਸਾਡਾ ਸ਼ਪਨਾ ਸੀ ਕਿ ਸਾਡੀ ਡੋਲੀ ਹੈਲੀਕਾਪਟਰ ਰਾਹੀਂ ਘਰ ਪਹੁੰਚੇ। ਦੁਲਹੇ ਪਾਰਸ਼ ਨੇ ਦੱਸਿਆ ਕਿ ਮੇਰੇ ਦਾਦਾ ਜੀ ਦੀ ਦਿਲੀ ਖਵਾਇਸ ਸੀ ਕਿ ਮੇਰੇ ਪੋਤੇ ਦਾ ਵਿਆਹ ਆਲੱਗ ਅੰਦਾਜ ਵਿੱਚ ਹੋਵੇ। ਉਨ੍ਹਾਂ ਕਿਹਾ ਕਿ ਅੱਜ ਪ੍ਰਮਾਤਮਾ ਨੇ ਉਨ੍ਹਾਂ ਦਾ ਸਪਨਾ ਸਾਕਾਰ ਕੀਤਾ ਹੈ ਜਿਸ ਕਰਕੇ ਅੱਜ ਪੂਰਾ ਪਰਿਵਾਰ ਬਹੁਤ ਖੁਸ਼ ਹੈ। ਹੈਲੀਕਾਪਟਰ ਰਾਹੀਂ ਹੋਏ ਇਸ ਵਿਆਹ ਦੀ ਹਲਕੇ ਅੰਦਰ ਖੂਬ ਚਰਚਾ ਹੋ ਰਹੀ ਹੈ।

## ਪੁਖਰਾਜ ਕੰਪਨੀ ਵੱਲੋਂ ਲਗਾਇਆ ਰੁਜ਼ਗਾਰ ਮੇਲਾ



**ਕਾਲਾਂਵਾਲੀ/ਪਵਨਸ਼ਰਮਾ**

ਪੁਖਰਾਜ ਹੈਲਥ ਕੇਅਰ ਕੰਪਨੀ ਵੱਲੋਂ 23 ਫਰਵਰੀ ਦਿਨ ਵੀਰਵਾਰ ਨੂੰ ਉਪ ਮੰਡਲ ਰੋਜ਼ਗਾਰ ਦਫ਼ਤਰ ਕਾਲਾਂਵਾਲੀ ਵਿਖੇ ਇੱਕ ਰੋਜ਼ਾ ਰੁਜ਼ਗਾਰ ਮੇਲਾ ਲਗਾਇਆ ਗਿਆ। ਜਿਸ ਵਿੱਚ ਆਸ-ਪਾਸ ਦੇ ਪਿੰਡਾਂ ਦੇ ਕਈ ਬੇਰੁਜ਼ਗਾਰ ਨੌਜਵਾਨਾਂ ਨੇ ਉਤਸ਼ਾਹ ਨਾਲ ਭਾਗ ਲਿਆ। ਪੁਖਰਾਜ ਹੈਲਥ ਕੇਅਰ ਕੰਪਨੀ ਦੀ ਤਰਫੋਂ ਰਮਨ ਕੌਰ ਬ੍ਰਾਂਚ ਮੈਨੇਜਰ ਸਿਰਸਾ, ਨੀਤੂ ਯਾਦਵ ਬ੍ਰਾਂਚ ਮੈਨੇਜਰ ਫਤਿਹਾਬਾਦ ਨੇ ਰੋਜ਼ਗਾਰ ਮੇਲੇ ਦੌਰਾਨ ਬਿਨੈਕਾਰਾਂ ਨੂੰ ਕੰਪਨੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਇਸ ਤੋਂ ਬਾਅਦ ਉਨ੍ਹਾਂ ਨੇ ਬ੍ਰਾਂਚ ਮੈਨੇਜਰ ਦੇ ਅਹੁਦੇ ਲਈ ਅਰਜ਼ੀਆਂ ਪ੍ਰਾਪਤ ਕੀਤੀਆਂ। ਇਸ ਦੌਰਾਨ ਰੁਜ਼ਗਾਰ ਦਫ਼ਤਰ ਵਿੱਚ ਕੰਮ ਕਰਦੇ ਗੋਪੀ ਰਾਮ, ਰੋਬਿਨ ਚਾਵਲਾ ਵੀ ਹਾਜ਼ਰ ਸਨ।

## ਇੱਥੇ ਇੱਕ ਕੁੜੀ ਹੀ ਹੁੰਦੀ ਹੈ ਸਾਰੇ ਭਰਾਵਾਂ ਦੀ ਪਤਨੀ, ਇਸ ਤਰਾਂ ਵੰਡਿਆ ਜਾਂਦਾ ਹੈਸਮਾਂ

**ਕਿੰਨੌਰ/ਲੋਕ ਬਾਣੀ**

ਮਹਾਭਾਰਤ ਦੇ ਸਮੇਂ ਤੋਂ ਹੀ ਅਸੀਂ ਇੱਕ ਔਰਤ ਦੇ ਕਈ ਪਤੀ ਹੋਣ ਦੀ ਕਹਾਣੀ ਸੁਣਦੇ ਆ ਰਹੇ ਹਾਂ। ਮਹਾਭਾਰਤ ਵਾਂਗ ਦ੍ਰੋਪਦੀ ਨੇ ਵੀ ਪੰਜ ਪਾਂਡਵਾਂ ਨਾਲ ਵਿਆਹ ਕੀਤਾ ਸੀ। ਇਸ ਦੇ ਨਾਲ ਹੀ ਅੱਜ ਵੀ ਇਹੀ ਪਰੰਪਰਾ ਨਿਭਾਈ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਕੁਝ ਸਾਲ ਪਹਿਲਾਂ ਇਹ ਪਰੰਪਰਾ ਹਿਮਾਚਲ ਅਤੇ ਅਰੁਣਾਚਲ ਪ੍ਰਦੇਸ਼ ਦੇ ਕੁਝ ਖੇਤਰਾਂ ਵਿੱਚ ਵੀ ਸੀ। ਹਿਮਾਚਲ ਪ੍ਰਦੇਸ਼ ਦੇ ਕਿੰਨੌਰ ਵਿੱਚ ਬਹੁ-ਵਿਆਹ ਬਹੁਤ ਮਸ਼ਹੂਰ ਹੈ। ਭਾਵੇਂ ਪਿਛਲੇ ਦਹਾਕੇ ਤੋਂ ਇਸ ਵਿੱਚ ਕਮੀ ਆਈ ਹੈ ਪਰ ਅੱਜ ਵੀ ਕਈ ਥਾਵਾਂ 'ਤੇ ਅਜਿਹੇ ਵਿਆਹ ਕਰਵਾਏ ਜਾਂਦੇ ਹਨ। ਪਹਿਲਾਂ ਵੱਡਾ ਭਰਾ ਆਪਣੀ ਪਤਨੀ ਨਾਲ ਸਮਾਂ ਬਿਤਾਉਂਦਾ ਹੈ, ਫਿਰ ਦੂਜੇ ਭਰਾਵਾਂ ਨੂੰ ਉਨਾਂ ਦੀ ਉਮਰ ਅਨੁਸਾਰ ਸਮਾਂ ਮਿਲਦਾ ਹੈ। ਭਰਾਤਰੀ ਬਹੁ-ਵਿਆਹ ਤਿੱਬਤ ਵਿੱਚ ਅੱਜ ਵੀ ਇਹ ਰੂਪ ਪ੍ਰਚਲਿਤ ਹੈ। ਇਹ ਪਰੰਪਰਾ ਅੱਜ ਵੀ ਕੁਝ ਘਰਾਂ ਵਿੱਚ ਚੱਲ ਰਹੀ ਹੈ। ਮੇਲਵਿਨ ਸੀ. ਗੋਲਡਸਟੀਨ ਇੱਕ ਅਮਰੀਕੀ ਸਮਾਜਵਾਦੀ ਅਤੇ ਤਿੱਬਤ ਵਿਦਵਾਨ ਹੈ, ਜਿਸਨੇ ਆਪਣੇ ਇੱਕ ਲੇਖ ਵਿੱਚ ਭਰਾਤਰੀ ਬਹੁ-ਸੰਬੰਧੀ ਬਾਰੇ ਲਿਖਿਆ ਹੈ ਕਿ ਤਿੱਬਤ ਵਿੱਚ ਇਹ ਭਾਈਚਾਰਕ ਬਹੁ-ਸੰਬੰਧੀ ਬਹੁਤ ਆਮ ਮੰਨਿਆ ਜਾਂਦਾ ਹੈ। ਅੱਜ ਵੀ ਦੋ, ਤਿੰਨ, ਚਾਰ ਭਰਾ ਇੱਕੋ ਪਤਨੀ ਨਾਲ ਰਹਿੰਦੇ ਹਨ। ਉਨਾਂ ਦੇ ਬੱਚੇ ਵੀ ਇਸੇ ਪਤਨੀ ਤੋਂ ਹਨ ਅਤੇ ਕਈ ਵਾਰ ਇਹ ਪਤਾ ਨਹੀਂ ਲੱਗਦਾ ਕਿ ਬੱਚਾ ਕਿਸ ਦਾ ਹੈ ? ਉਨਾਂ



ਲਿਖਿਆ ਕਿ ਇਹ ਬਹੁਤ ਹੀ ਆਮ ਪ੍ਰਥਾ ਜਾਂ ਪਰੰਪਰਾ ਹੈ, ਪਰ ਹੁਣ ਇਸ ਨੂੰ ਕੁਝ ਵੀ ਨਜ਼ਰ ਨਹੀਂ ਆਉਂਦਾ। ਇਸ ਪਰੰਪਰਾ ਦੇ ਅਨੁਸਾਰ, ਤਿੱਬਤ ਵਿੱਚ ਸਭ ਤੋਂ ਵੱਡਾ ਭਰਾ ਇੱਕ ਲੜਕੀ ਨਾਲ ਵਿਆਹ ਕਰਦਾ ਹੈ ਅਤੇ ਫਿਰ ਉਹ ਆਪਣੀ ਪਤਨੀ ਨੂੰ ਆਪਣੇ ਸਾਰੇ ਭਰਾਵਾਂ ਨਾਲ ਰੱਖਦਾ ਹੈ। ਹਾਲਾਂਕਿ, ਸਮੇਂ ਦੇ ਨਾਲ, ਇਹ ਅਭਿਆਸ ਹੁਣ ਨਹੀਂ ਰਿਹਾ. ਪਰ ਅੱਜ ਵੀ ਕੋਈ ਲੜਕਾ ਆਪਣੇ ਮਾਪਿਆਂ ਦੀ ਮਰਜ਼ੀ ਤੋਂ ਬਿਨਾਂ ਵਿਆਹ ਨਹੀਂ ਕਰਦਾ। ਇੱਥੇ ਸਭ ਤੋਂ ਛੋਟੇ ਪੁੱਤਰ ਨੂੰ ਵਿਆਹ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਹੈ। ਭਾਵੇਂ ਉਸ ਦੀ ਉਮਰ ਥੋੜੀ ਵੱਡੀ ਹੈ ਪਰ ਉਸ ਨੂੰ ਵਿਆਹ ਵਿਚ ਲਿਆ ਜਾਂਦਾ ਹੈ। ਚੀਨ ਦੇ ਤਿੱਬਤ 'ਤੇ ਕਬਜ਼ਾ ਕਰਨ ਤੋਂ ਬਾਅਦ, ਭਾਈਚਾਰਕ ਬਹੁ-ਵਿਆਹ ਵਿੱਚ ਕਮੀ ਆਈ ਹੈ, ਪਰ ਕੁਝ ਪਿੰਡਾਂ ਵਿੱਚ ਅਜੇ ਵੀ ਪ੍ਰਚਲਿਤ ਹੈ।

## ਪੰਛੀ

ਘਰ ਵਰਗੀ ਕੋਈ ਚੀਜ਼ ਨਾ ਮਿੱਠੀ,
ਢੂੰਡ ਥੱਕੇ ਕਿਧਰੇ ਨਾ ਡਿੱਠੀ,
ਪੰਛੀ ਜੇਕਰ ਪਿੰਜਰੇ ਵਿੱਚ ਪਾਓ,
ਭਾਵੇਂ ਚੂਰੀ ਨਿੱਤ ਖਵਾਓ,
ਨਾ ਮਾਰੋ ਨਾ ਦੇਵੋ ਦੁੱਖ,
ਸਦਾਂ ਪਚਾਵੋ ਉਸ ਨੂੰ ਸੁੱਖ,
ਪਰ ਉਹ ਭੁੱਖਾ ਸੁੱਖ ਵਿੱਚ ਵਸੇ,
ਕਿਸੇ ਰੁੱਖ ਦੀ ਟਾਹਣੀ ਉੱਤੇ,
ਦੂਰ ਜਾਨਵਾਰ ਜਾ ਜਾ ਚੁੱਗਦੇ,
ਭਾਰੇ ਭਾਰ ਦਿਨ ਭਰ ਚੁੱਗਦੇ,
ਸ਼ਾਮ ਪਈ ਘਰ ਆਉਣ ਨੂੰ ਲੋਚਣ,
ਬਾਂ ਬਾਂ ਕਰਦੇ ਧਰਤ ਖਰੋਚਣ,
ਆਓ ਫ਼ਕੀਰਾ ਰੁੱਖ ਲਗਾਈਏ,
ਪੰਛੀਆਂ ਨੂੰ ਅਸਾਂ ਨਿੱਤ ਬਚਾਈਏ,
ਖੁੱਸ਼ੀ ਚ ਜੇਕਰ ਵਸਦੇ ਪੰਛੀ,
ਕੁਦਰਤ ਦੇ ਗੁਣ ਗਾਉਂਦੇ ਪੰਛੀ,
ਸਭ ਦੇ ਮਨਾਂ ਨੂੰ ਭਾਉਂਦੇ ਪੰਛੀ,
ਸਭ ਦੇ ਮਨਾਂ ਨੂੰ ਭਾਉਂਦੇ ਪੰਛੀ।

**-ਵਿਨੋਦ ਫ਼ਕੀਰਾ,ਸਟੇਟ ਐਵਾਰਡੀ,**
**ਲੇਖਕ ਪੰਜਾਬੀ ਭਾਸ਼ਾ ਵਿਭਾਗ,ਪਟਿਆਲਾ,ਪੰਜਾਬ ਅਤੇ ਪੰਜਾਬੀ ਸਾਹਿਤਕ ਅਕਦਮੀ, ਹਰਿਆਣਾ,ਪੰਚਕੂਲਾ,**
**ਵਿਨੋਦ ਕੁਮਾਰ ਵਾਲੀ ਗਲੀ। ਆਰੀਆ ਨਗਰ, ਕਰਤਾਰਪੁਰ, ਜਲੰਧਰ।**

## ਵੱਡਾ ਐਲਾਨ; ਕਿਸਾਨਾਂ ਨੂੰ ਮਿਲੇਗਾ 5 ਲੱਖ ਰੁਪਏ ਤੱਕ ਵਿਆਜ

**ਚੰਡੀਗੜ੍ਹ/ਵਿਨੋਦ ਸ਼ਰਮਾ**

ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਉਨਾਂ ਨੂੰ ਪਹਿਲਾਂ ਨਾਲੋਂ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਕਾਰ ਨੇ ਲਗਭਗ ਚਾਰ ਸਾਲ ਪਹਿਲਾਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਸ਼ੁਰੂ ਕੀਤੀ ਸੀ। ਇਹ ਕੇਂਦਰ ਸਰਕਾਰ ਦੀ ਸਭ ਤੋਂ ਵਧੀਆ ਯੋਜਨਾ ਰਹੀ। ਇਸ ਤੋਂ ਇਲਾਵਾ ਕੇਂਦਰ ਅਤੇ ਸੂਬਿਆਂ ਵੱਲੋਂ ਕਿਸਾਨਾਂ ਲਈ ਹਰ ਤਰਾਂ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ।

ਕੇਂਦਰ ਤੋਂ ਲੈ ਕੇ ਸੂਬਾ ਸਰਕਾਰਾਂ ਕਿਸਾਨਾਂ ਦੀ ਆਰਥਿਕ ਮਦਦ ਲਈ ਕਈ ਤਰਾਂ ਦੀਆਂ ਸਕੀਮਾਂ ਚਲਾਉਂਦੀਆਂ ਹਨ। ਇਸ ਦੌਰਾਨ ਕਰਨਾਟਕ ਦੇ ਮੁੱਖ ਮੰਤਰੀ ਬਸਵਰਾਜ ਬੋਮਈ ਨੇ ਕਿਸਾਨਾਂ ਦੇ ਸਸ਼ਕਤੀਕਰਨ ਲਈ ਬਜਟ ਵਿੱਚ ਵੱਡਾ ਐਲਾਨ ਕੀਤਾ ਹੈ। ਉਨਾਂ ਨੇ ਸ਼ੁੱਕਰਵਾਰ ਨੂੰ ਸੂਬਾ ਸਰਕਾਰ ਦਾ ਬਜਟ ਪੇਸ਼ ਕੀਤਾ ਅਤੇ ਇਸ ਦੌਰਾਨ ਉਨਾਂ ਨੇ ਕਿਸਾਨਾਂ ਨੂੰ ਖੁਸ਼ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਉਨਾਂ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਵਿਆਜ ਰਹਿਤ ਕਰਜ਼ੇ ਦੀ ਸੀਮਾ 3 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਵੱਲੋਂ ਇਹ ਵਾਧਾ ਅਗਲੇ ਵਿੱਤੀ ਸਾਲ ਯਾਨੀ 1 ਅਪ੍ਰੈਲ ਤੋਂ ਲਾਗੂ ਕੀਤਾ ਜਾਵੇਗਾ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸੰਬੰਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,


**ਅਮਨਦੀਪ ਮਹਿਰਾ**
ਮੁੱਖ ਸੰਪਾਦਕ ਰੋਜ਼ਾਨਾ ਲੋਕ ਬਾਣੀ ਜਲੰਧਰ


**ਅੰਮ੍ਰਿਤਪਾਲ ਸਿੰਘ**
ਐਡਵੋਕੇਟ, ਸਬ-ਅਡੀਟਰ ਰੋਜ਼ਾਨਾ ਲੋਕ ਬਾਣੀ


**ਕੁਲਵੰਤ ਰਾਏ**
ਮੈਨੇਜਿੰਗ ਡਾਇਰੈਕਟਰ ਰੋਜ਼ਾਨਾ ਲੋਕ ਬਾਣੀ


**ਵਿਨੈਪਾਲ ਸਿੰਘ**
ਉਪ ਸੰਪਾਦਕ, ਰੋਜ਼ਾਨਾ ਲੋਕ ਬਾਣੀ


**ਹਰਬੰਸ ਸਿੰਘ ਬਿੱਟੂ**
ਪੱਤਰਕਾਰ ਜਲੰਧਰ, ਰੋਜ਼ਾਨ ਲੋਕ ਬਾਣੀ


**ਭੁਪਿੰਦਰ ਸਿੰਘ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ


**ਵਰਿੰਦਰ ਕੁਮਾਰ**
ਵੀਡੀਓ ਵਿਭਾਗ ਇੰਚਾਰਜ ਰੋਜ਼ਾਨਾ ਲੋਕ ਬਾਣੀ


**ਸੁਖਚੈਨ ਮਹਿਰਾ**
ਮਾਲਵਾ ਬਿਓਰੋ ਰੋਜ਼ਾਨਾ ਲੋਕ ਬਾਣੀ


**ਡਾ. ਰਮੇਸ਼ ਕੁਮਾਰ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ


**ਨਵਨੀਤ ਕੁਮਾਰ**
ਇੰਚਾਰਜ ਪੰਜਾਬ ਰੋਜ਼ਾਨਾ ਲੋਕ ਬਾਣੀ


**ਰਜਿੰਦਰ ਕੁਮਾਰ**
ਸੀਨੀਅਰ ਚੀਫ ਫੋਟੋਗ੍ਰਾਫਰ ਜਲੰਧਰ

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-277080
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

जय भवानी जय मस्तां दी जय शिव शंकर
संकट मोचन दरबार
जो आवे सो राजी जावे
Mob.: 98151-01551
39-A, SHANKER GARDEN, NEAR INCOME TAX COLONY, JALANDHAR
E-mail: luckchanger@consultant.com

राजीव शर्मा

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com | dipsimt@gmail.com
CONTACT : 95010-00697, 97806-0099